## ਅਧਿਆਇ 49

# ਯਾਕੂਬ ਦੀਆਂ ਅਸੀਸਾਂ ਅਤੇ ਉਸ ਦਾ ਦੇਹਾਂਤ

ਪੁਰਖਿਆਂ ਦੁਆਰਾ ਦਿੱਤੀਆਂ ਗਈਆਂ ਅਸੀਸਾਂ ਸੁਭਾਅ ਵਿਚ ਨਬੂਵਤੀ ਸਨ ਜਿਨ੍ਹਾਂ ਵਿਚ ਉਸ ਬਾਰੇ ਰੱਬੀ ਪਰਕਾਸ਼ ਸੀ ਜੋ ਅਸਲ ਵਿਚ ਅੱਗੇ ਆਉਣ ਵਾਲਾ ਸੀ। ਜਦੋਂ ਯਾਕੂਬ ਨੇ ਆਪਣੇ ਪ੍ਰਾਣ ਛੱਡਣ ਤੋਂ ਪਹਿਲਾਂ ਆਪਣੇ ਦੋ ਪੋਤਰਿਆਂ ਨੂੰ ਅਸੀਸ ਦਿੱਤੀ, ਉਸ ਨੇ ਚੰਗੀਆਂ ਅਤੇ ਬੁਰੀਆਂ ਖ਼ਬਰਾਂ ਦਾ ਮਿਸ਼ਰਣ ਪੇਸ਼ ਕੀਤਾ।

## ਆਪਣੇ ਦੇਹਾਂਤ ਤੋਂ ਪਹਿਲਾਂ ਯਾਕੂਬ ਦਾ ਆਪਣੇ ਪੁੱਤਰਾਂ ਨੂੰ ਅਸੀਸਾਂ ਦੇਣਾ (49:1-27)

**ਸੁਣਨ ਦਾ ਸੱਦਾ (49:1, 2)**

**1ਯਾਕੂਬ ਨੇ ਆਪਣੇ ਪੁੱਤ੍ਰਾਂ ਨੂੰ ਸੱਦ ਕੇ ਆਖਿਆ, ਇਕੱਠੇ ਹੋ ਜਾਓ ਤਾਂਜੋ ਮੈਂ ਤੁਹਾਨੂੰ ਦੱਸਾਂ ਜੋ ਤੁਹਾਡੇ ਉੱਤੇ ਆਉਣ ਵਾਲਿਆਂ ਦਿਨਾਂ ਵਿੱਚ ਬੀਤੇਗਾ। 2ਯਾਕੂਬ ਦੇ ਪੁੱਤ੍ਰੋ ਇਕੱਠੇ ਹੋ ਜਾਓ, ਸੁਣੋ ਅਤੇ ਆਪਣੇ ਪਿਤਾ ਇਸਰਾਏਲ ਦੀ ਸੁਣੋ।**

**ਆਇਤ 1.** ਆਪਣੇ ਦੇਹਾਂਤ ਤੋਂ ਪਹਿਲਾਂ, ਆਖ਼ਰੀ ਵਾਰ **ਯਾਕੂਬ ਨੇ ਆਪਣੇ ਪੁੱਤ੍ਰਾਂ ਨੂੰ ਸੱਦਿਆ**। ਉਹ ਹਰੇਕ ਨੂੰ ਆਖ਼ਰੀ ਵਾਰ ਬਰਕਤਾਂ ਦੇਣਾ ਚਾਹੁੰਦਾ ਸੀ। ਉਹ ਪਹਿਲਾਂ ਤੋਂ ਹੀ ਫ਼ਿਰਊਨ (47:7, 10), ਯੂਸੁਫ਼ (48:15) ਅਤੇ ਇਫ਼ਰਾਈਮ ਅਤੇ ਮਨੱਸ਼ਹ (48:20) ਬਰਕਤ ਦੇ ਚੁੱਕਾ ਸੀ। ਬਸ ਉਸ ਦੇ ਪੁੱਤਰਾਂ ਨੂੰ ਬਰਕਤ ਦੇਣਾ ਬਾਕੀ ਸੀ (49:3-27)। ਉਸ ਨੇ ਉਨ੍ਹਾਂ ਨੂੰ **ਇਕੱਠੇ ਹੋਣ** ਦੀ ਬੇਨਤੀ ਕੀਤੀ ਤਾਂ ਕਿ ਉਹ ਉਨ੍ਹਾਂ ਨੂੰ ਉਹ ਦੱਸ ਸਕੇ ਜੋ **ਆਉਣ ਵਾਲਿਆਂ ਦਿਨਾਂ ਵਿੱਚ** ਹੋਣ ਵਾਲਾ ਸੀ। ਇਬਰਾਨੀ ਸ਼ਬਦ בְּאַחֲרִית הַיָּמִים (*ਬੀ ਅਕਾਰਿਥ ਹਯਾਮਿਮ)* ਦਾ ਸ਼ਾਬਦਿਕ ਅਰਥ "ਆਖ਼ਰੀ ਦਿਨਾਂ ਵਿਚ" ਜਾਂ "ਆਉਣ ਵਾਲੇ ਦਿਨਾਂ ਵਿਚ" ਹੁੰਦਾ ਹੈ ਜਿਵੇਂ ਕਿ ਗਿਣਤੀ 24:14 ਵਿਚ ਹੈ। ਪਰ, KJV ਬਾਈਬਲ ਉਪਰ ਦਿੱਤੇ ਗਏ ਵਾਕਾਂ ਦਾ ਅਰਥ ਕ੍ਰਮਵਾਰ "ਅੰਤ ਦੇ ਦਿਨਾਂ ਵਿਚ" ਅਤੇ "ਆਖ਼ਰੀ ਦਿਨਾਂ ਵਿਚ" ਦਿੰਦੀ ਹੈ। ਇਸ ਵਾਕ ਨੇ ਬਾਈਬਲ ਦੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਇਹ ਸੋਚਣ ਦੇ ਲਈ ਮਜਬੂਰ ਕਰ ਦਿੱਤਾ ਹੈ ਕਿ ਹਵਾਲੇ ਮਸੀਹ ਦੀ ਦੂਜੀ ਆਮਦ ਦੀਆਂ ਅੰਤ ਦੇ ਸਮੇਂ ਦੀਆਂ ਘਟਨਾਵਾਂ ਦਾ ਹਵਾਲਾ ਦਿੰਦੇ ਹਨ, ਪਰ ਉਹ ਇਕ ਗੰਭੀਰ ਅਧਿਆਤਮਕ ਗਲਤੀ ਹੈ। ਇਬਰਾਨੀ ਸ਼ਬਦ ਕੇਵਲ ਭਵਿੱਖ ਵਿਚ ਅਨਿਸ਼ਚਤ ਸਮੇਂ ਦਾ ਹਵਾਲਾ ਦਿੰਦਾ ਹੈ ਜਦੋਂ ਯਾਕੂਬ ਦੀ ਅੰਸ ਕਨਾਨ ਦੇ ਦੇਸ ਵਿਚ ਟਿਕੇਗੀ। ਯਹੂਦਾਹ ਦੀ ਅੰਸ, ਦਾਊਦ ਕੋਲ ਪਾਤਸ਼ਾਹ ਦਾ "ਰਾਜ ਡੰਡਾ" ਹੋਵੇਗਾ ਅਤੇ "ਲੋਕਾਂ" (ਗੈਰ-ਕੌਮਾਂ;

49:8-10) ਤੇ ਰਾਜ ਕਰੇਗਾ। ਗਿਣਤੀ 24:14-19 ਵਿਚ “ਤਾਰੇ” ਵਾਲਾ ਹਵਾਲਾ ਵੀ ਦਾਊਦ ਦੀ ਵੱਲ ਇਸ਼ਾਰਾ ਕਰਦਾ ਹੈ, ਜਿਸ ਦੇ ਕੋਲ ਪਾਤਸ਼ਾਹ ਦਾ “ਰਾਜ ਡੰਡਾ” ਹੋਵੇਗਾ ਅਤੇ ਉਹ ਮੋਆਬੀਆਂ ਨੂੰ ਕੁਚਲ ਕੇ ਅਤੇ ਅਦੋਮੀਆਂ ਨੂੰ ਜਰਾ ਕੇ ਆਪਣੀ ਫੌਜੀ ਬਹਾਦਰੀ ਨੂੰ ਵਿਖਾਵੇਗਾ। ਇਸੇ ਕਰਕੇ, ਇਸ ਇਬਰਾਨੀ ਸ਼ਬਦ ਦਾ ਅਨੁਵਾਦ “ਅੰਤ ਦੇ ਦਿਨਾਂ ਵਿਚ” ਕਰਨਾ ਹੀ ਬਿਹਤਰ ਹੈ (ਵੇਖੋ NIV; NRSV; NEB)।

**ਆਇਤ 2.** ਜਦੋਂ **ਯਾਕੂਬ ਨੇ** ਆਖਿਆ ਕਿ **ਪੁੱਤ੍ਰੋ ਇਕੱਠੇ ਹੋ ਜਾਓ ਅਤੇ ਸੁਣੋ**, ਉਹ ਆਪਣੇ ਮਰਨ ਤੋਂ ਪਹਿਲਾਂ ਉਨ੍ਹਾਂ ਨੂੰ ਬਰਕਤਾਂ ਦੇਣਾ ਚਾਹੁੰਦਾ ਸੀ। ਅਜਿਹੇ ਸ਼ਬਦ ਪ੍ਰਾਚੀਨ ਮਸੋਪੋਤਾਮੀਆ ਵਿਚ ਬਹੁਤ ਹੀ ਮਹੱਤਵਪੂਰਣ ਸਨ। ਉਤਪਤ ਦੇ ਅੱਜਕੱਲ੍ਹ ਦੇ ਪਾਠਕ ਅਕਸਰ ਉਲਝਣ ਵਿਚ ਪੈ ਜਾਂਦੇ ਹਨ ਕਿਉਂਕਿ ਯਾਕੂਬ ਦੇ ਕੁਝ ਪੁੱਤਰਾਂ ਨੂੰ ਉਨ੍ਹਾਂ ਦੇ ਪਿਤਾ ਨੇ ਜੋ ਕਿਹਾ ਸੀ ਉਸ ਦੇ ਦੁਆਰਾ ਅਸਲ ਵਿਚ ਬਰਕਤ ਦੀ ਬਜਾਇ ਸਰਾਪ ਮਿਲਿਆ ਸੀ, ਹਾਲਾਂਕਿ ਆਇਤ 28 ਦੱਸਦੀ ਹੈ ਕਿ ਹਰ ਇੱਕ ਨੂੰ “ਉਸ ਦੀ ਬਰਕਤ ਅਨੁਸਾਰ” ਉਸ ਨੇ ਉਨ੍ਹਾਂ ਨੂੰ “ਬਰਕਤ ਦਿੱਤੀ।” “ਬਰਕਤ ਦੇਣਾ” (בָּרַךְ, *ਬਰਕ)* ਇਕ ਮਹੱਤਵਪੂਰਣ ਸ਼ਬਦ ਸੀ ਜਿਸ ਵਿਚ ਦੋਹਾਂ ਵਿੱਚੋਂ ਕੁਝ ਵੀ ਹੋ ਸਕਦਾ ਸੀ: ਅਦਭੁਤ ਬਰਕਤਾਂ ਜਾਂ ਗੰਭੀਰ ਸਰਾਪ। ਇਸ ਲਈ, ਯਾਕੂਬ ਨੇ ਉਨ੍ਹਾਂ ਨੂੰ ਬੇਨਤੀ ਕੀਤੀ, **ਆਪਣੇ ਪਿਤਾ ਇਸਰਾਏਲ ਦੀ ਸੁਣੋ।** ਉਸ ਦੇ ਪੁੱਤਰਾਂ ਨੂੰ ਪੁਰਖੇ ਦੇ ਆਖ਼ਰੀ ਸ਼ਬਦ ਉਨ੍ਹਾਂ ਦੇ ਲਈ ਅਤੇ ਉਨ੍ਹਾਂ ਦੇ ਵੰਸ਼ ਦੇ ਲਈ ਢੁਕਵੇਂ ਅਤੇ ਮਹੱਤਵਪੂਰਣ ਸਨ। ਜੇਕਰ ਉਹ ਅੰਤ ਦੇ ਸਮੇਂ ਦੀਆਂ ਘਟਨਾਵਾਂ ਬਾਰੇ ਨਬੂਵਤ ਕਰ ਰਿਹਾ ਸੀ ਜੋ ਹਜ਼ਾਰਾਂ ਸਾਲਾਂ ਬਾਅਦ ਭਵਿੱਖ ਵਿਚ ਹੋਣ ਵਾਲੀਆਂ ਸਨ, ਤਾਂ ਉਸ ਦੀਆਂ ਗੱਲਾਂ ਦਾ ਮੌਜੂਦਾ ਅੰਸ ਦੇ ਲਈ ਕੋਈ ਅਰਥ ਸੀ। ਬਲਕਿ, ਯਾਕੂਬ ਦੀਆਂ ਆਖ਼ਰੀ ਬਰਕਤਾਂ ਉਸ ਦੇ ਪੁੱਤਰਾਂ ਲਈ ਬਹੁਤ ਹੀ ਮਹੱਤਵਪੂਰਣ ਸਨ ਕਿਉਂਕਿ ਉਨ੍ਹਾਂ ਵਿਚ ਉਨ੍ਹਾਂ ਵਿੱਚੋਂ ਕਈਆਂ ਦੇ ਲਈ ਬੁਰੀ ਖ਼ਬਰ (ਸਰਾਪ) ਅਤੇ ਕਈਆਂ ਦੇ ਲਈ ਚੰਗੀ ਖ਼ਬਰ (ਸਕਾਰਾਤਮਕ ਬਰਕਤਾਂ) ਸੀ ਜੋ ਕਿ ਹਰ ਵਿਅਕਤੀ ਦੇ ਰਵੱਈਏ ਅਤੇ ਚਰਿੱਤਰ ਉੱਤੇ ਨਿਰਭਰ ਕਰਦੀ ਸੀ। ਇਨ੍ਹਾਂ ਵਿੱਚੋਂ ਕੁਝ “ਬਰਕਤਾਂ” ਮੁੱਖ ਤੌਰ ਤੇ ਵਰਤਮਾਨ ਪੀੜ੍ਹੀ ਦੇ ਲਈ ਪ੍ਰਤੀਤ ਹੁੰਦੀਆਂ ਹਨ, ਜਦ ਕਿ ਬਾਕੀਆਂ ਵਿਚ ਵਰਤਮਾਨ ਅਤੇ ਉਨ੍ਹਾਂ ਦੀ ਭਵਿੱਖ ਦੀ ਅੰਸ ਦੋਵੇਂ ਸ਼ਾਮਲ ਸਨ, ਜਿਹੜੀ ਅਬਰਾਹਾਮ ਨੂੰ ਦਿੱਤੇ ਗਏ ਵਾਅਦੇ ਦੇ ਅਨੁਸਾਰ ਮਿਸਰ ਨੂੰ ਛੱਡ ਕੇ ਵਾਅਦੇ ਦੇ ਦੇਸ ਵਿਚ ਜਾ ਟਿਕੇਗੀ (15:13-21)।

### ਲੇਆਹ ਦੇ ਪੁੱਤਰ (49:3-15)

**3ਰਊਬੇਨ ਤੂੰ ਮੇਰਾ ਪਲੇਠਾ ਪੁੱਤ੍ਰ ਹੈਂ ਮੇਰਾ ਬਲ ਤੇ ਮੇਰੀ ਸ਼ਕਤੀ ਦਾ ਮੁੱਢ ਹੈਂ। ਤੂੰ ਪਤ ਵਿੱਚ ਉੱਤਮ ਤੇ ਜੋਰ ਵਿੱਚ ਵੀ ਉੱਤਮ ਹੈਂ। 4ਤੇਰਾ ਜਲ ਵਾਂਙੁ ਉਬਾਲਾ ਹੈ ਪਰ ਤੂੰ ਉੱਚੀ ਪਦਵੀ ਨਾ ਪਾਵੇਂਗਾ ਕਿਉਂਜੋ ਤੂੰ ਆਪਣੇ ਪਿਤਾ ਦੇ ਮੰਜੇ ਉੱਤੇ ਚੜ੍ਹ ਗਿਆ। ਤਦ ਤੂੰ ਉਹ ਨੂੰ ਭਰਿਸ਼ਟ ਕੀਤਾ। ਉਹ ਮੇਰੀ ਛੇਜ ਉੱਤੇ ਚੜ੍ਹ ਗਿਆ। 5ਸ਼ਿਮਓਨ ਅਤੇ ਲੇਵੀ ਸੱਕੇ ਭਰਾ ਹਨ। ਉਨ੍ਹਾਂ ਦੀਆਂ ਤੇਗਾਂ ਜ਼ੁਲਮ ਦੇ ਸ਼ਸਤ੍ਰ ਹਨ। 6ਹੇ ਮੇਰੀ ਜਿੰਦ ਉਨ੍ਹਾਂ ਦੀ ਸੰਗਤ ਵਿੱਚ ਨਾ ਜਾਹ। ਹੇ ਮੇਰੀ ਪਤ ਉਨ੍ਹਾਂ ਦੀ ਸਭਾ ਵਿੱਚ ਨਾ ਰਲ, ਕਿਉਂਜੋ ਉਨ੍ਹਾਂ ਨੇ ਆਪਣੇ ਕ੍ਰੋਧ ਵਿੱਚ ਮਨੁੱਖਾਂ ਨੂੰ ਵੱਢ ਸੁੱਟਿਆ ਅਤੇ ਆਪਣੇ ਢੀਠਪੁਣੇ ਵਿੱਚ ਢੱਗੇ ਦੀਆਂ ਸੜਾਂ ਵੱਢ ਦਿੱਤੀਆਂ। 7ਉਨ੍ਹਾਂ ਦਾ ਕ੍ਰੋਧ ਸਰਾਪਿਆ ਜਾਵੇ ਕਿਉਂਜੋ ਉਹ ਤੁੰਦ ਸੀ ਨਾਲੇ ਉਹ ਦਾ ਰੋਹ ਕਿਉਂਜੋ ਉਹ ਕਠੋਰ ਸੀ। ਤਾਂ ਮੈਂ ਉਨ੍ਹਾਂ ਨੂੰ ਯਾਕੂਬ ਵਿੱਚ ਵੰਡ ਛੱਡਾਂਗਾ ਅਤੇ ਉਨ੍ਹਾਂ ਨੂੰ ਇਸਰਾਏਲ ਵਿੱਚ ਖਿੰਡਾ ਦਿਆਂਗਾ। 8ਹੇ ਯਹੂਦਾਹ ਤੇਰੇ ਭਰਾ ਤੈਨੂੰ ਸਲਾਹੁਣਗੇ, ਤੇਰਾ ਹੱਥ ਤੇਰੇ ਵੈਰੀਆਂ ਦੀ ਧੌਣ ਉੱਤੇ ਹੋਵੇਗਾ। ਤੇਰੇ ਪਿਤਾ ਦੇ ਪੁੱਤ੍ਰ ਤੇਰੇ ਅੱਗੇ ਨਿਉਣਗੇ। 9ਯਹੂਦਾਹ ਸਿੰਘ ਦਾ ਬੱਚਾ ਹੈ। ਮੇਰੇ ਪੁੱਤ੍ਰ ਤੂੰ ਸ਼ਿਕਾਰ ਮਾਰ ਕੇ ਉਤਾਹਾਂ ਆਇਆ।**

**ਉਹ ਸਿੰਘ ਵਾਂਙੁ ਸਗੋਂ ਸਿੰਘਣੀ ਵਾਂਙੁ ਨਿਵਿਆ ਤੇ ਛੈਹ ਗਿਆ। ਕੌਣ ਉਹ ਨੂੰ ਛੇੜੇਗਾ? [10]ਯਹੂਦਾਹ ਤੋਂ ਰਾਜ ਡੰਡਾ ਚਲਿਆ ਨਾ ਜਾਵੇਗਾ ਨਾ ਉਸ ਦੇ ਪੈਰਾਂ ਦੇ ਵਿੱਚੋਂ ਹਾਕਮ ਦਾ ਸੋਟਾ ਜਦ ਤੀਕ ਸ਼ਾਂਤੀ ਦਾਤਾ ਨਾ ਆਵੇ। ਅਤੇ ਲੋਕਾਂ ਦੀ ਆਗਿਆਕਾਰੀ ਉਸੇ ਦੀ ਹੋਵੇਗੀ। [11]ਉਹ ਆਪਣਾ ਖੋਤਾ ਦਾਖ ਦੀ ਬੇਲ ਨਾਲ ਅਤੇ ਆਪਣੀ ਖੋਤੀ ਦਾ ਬੱਚਾ ਦਾਖ ਦੇ ਉੱਤਮ ਬੂਟੇ ਨਾਲ ਬੰਨ੍ਹੇਗਾ। ਉਸ ਨੇ ਆਪਣੇ ਬਸਤ੍ਰ ਮਧ ਵਿੱਚ ਅਤੇ ਆਪਣਾ ਲੀੜਾ ਅੰਗੂਰਾਂ ਦੇ ਲਹੂ ਵਿੱਚ ਧੋਤਾ ਹੈ। [12]ਉਹ ਦੀਆਂ ਅੱਖਾਂ ਮਧ ਨਾਲੋਂ ਕਾਲੀਆਂ ਅਤੇ ਉਹ ਦੇ ਦੰਦ ਦੁੱਧ ਨਾਲੋਂ ਚਿੱਟੇ ਹਨ। [13]ਜਬੂਲੁਨ ਸਮੁੰਦਰ ਦੇ ਘਾਟ ਉੱਤੇ ਵੱਸੇਗਾ ਅਤੇ ਉਹ ਬੇੜਿਆਂ ਦਾ ਘਾਟ ਹੋਵੇਗਾ ਤੇ ਉਸ ਦਾ ਬੰਨਾ ਸੀਦੋਨ ਤੀਕ ਹੋਵੇਗਾ। [14]ਯੱਸ਼ਾਕਾਰ ਤਕੜਾ ਖੋਤਾ ਹੈ ਜਿਹੜਾ ਵਾੜਾਂ ਦੇ ਵਿਚਕਾਰ ਛੈਹ ਕੇ ਬਹਿੰਦਾ ਹੈ, [15]ਅਤੇ ਉਸ ਨੇ ਇੱਕ ਵਿਸਰਾਮ ਦੀ ਥਾਂ ਡਿੱਠੀ ਕਿ ਉਹ ਚੰਗੀ ਹੈ ਅਤੇ ਉਹ ਦੇਸ ਕਿ ਉਹ ਸੁਹਾਓਣਾ ਹੈ। ਤਾਂ ਉਸ ਨੇ ਆਪਣਾ ਮੋਢਾ ਭਾਰ ਚੁੱਕਣ ਨੂੰ ਨਿਵਾਇਆ ਅਤੇ ਉਹ ਇੱਕ ਬੇਗਾਰੀ ਬਣਿਆ।**

### *ਰਊਬੇਨ (49:3, 4)*

**ਆਇਤਾਂ 3, 4.** ਪਹਿਲੀ ਅਸੀਸ ਅਸਲ ਵਿਚ ਇਕ ਸਰਾਪ ਸੀ, 9:25 ਵਿਚ ਨੂਹ ਦੀ ਫਿਟਕਾਰ ਦੇ ਵਾਂਗ ਹੀ। ਇਸ ਵਾਰ ਫੇਰ, ਪਾਪ ਦੇ ਕਾਰਣ ਜੇਠੇ ਪੁੱਤਰ ਨੂੰ ਆਪਣਾ ਵਿਸ਼ੇਸ਼ ਰੁਤਬਾ ਗੁਆਉਣਾ ਪਿਆ (ਜਿਵੇਂ ਕਿ ਕਇਨ, ਇਸਮਾਏਲ, ਏਸਾਓ ਅਤੇ ਏਰ ਨਾਲ ਹੋਇਆ ਸੀ)। ਯਾਕੂਬ ਨੇ ਉਸ ਇੱਜ਼ਤ ਅਤੇ ਸ਼ੁਹਰਤ ਤੇ ਧਿਆਨ ਕੇਂਦਰ ਕਰਦਿਆਂ ਸ਼ੁਰੂਆਤ ਕੀਤੀ ਜੋ **ਪਲੋਠਾ ਪੁੱਤ੍ਰ** ਹੋਣ ਦੇ ਨਾਤੇ **ਰਊਬੇਨ** ਦੀ ਸੀ, ਜਿਹੜਾ ਆਪਣੇ ਪਿਤਾ ਦੇ ਲਈ ਵੱਡਾ ਅਨੰਦ ਲੈ ਕੇ ਆਇਆ ਸੀ। ਉਸ ਵਿਚ, ਪੁਰਖੇ ਨੇ ਆਪਣਾ **ਬਲ** ਅਤੇ **ਸ਼ਕਤੀ ਦਾ ਮੁੱਢ** [**ਪ੍ਰਜਨਨ**] ਲਾਇਆ ਸੀ (ਵੇਖੋ ਬਿਵਸਥਾ ਸਾਰ 21:17; ਜ਼ਬੂਰ 78:51)। ਇਸ ਲਈ, ਉਹ **ਉੱਤਮ** ਸੀ, ਸ਼ਾਇਦ **ਪਤ ਵਿੱਚ ਉੱਤਮ ਤੇ ਜੋਰ ਵਿੱਚ ਵੀ ਉੱਤਮ**, ਨਾਲੇ ਉਸ ਦੇ ਕੋਲ ਆਪਣੇ ਪਿਤਾ ਦੀ ਜਾਇਦਾਦ ਦਾ ਦੁਗਣਾ ਹਿੱਸਾ ਸੀ।

ਫਿਰ ਵੀ, ਰਊਬੇਨ ਦਾ ਚਰਿੱਤਰ ਅਨੁਸ਼ਾਸਨਹੀਣ ਅਤੇ **ਜਲ ਵਾਂਙੁ ਉਬਾਲਾ** ਸੀ। ਇਸ ਲਈ, ਉਸ ਨੇ **ਆਪਣੇ ਪਿਤਾ ਦੇ ਮੰਜੇ ਉੱਤੇ ਚੜ ਕੇ** ਅਤੇ ਯਾਕੂਬ ਦੀ ਸੁਰੇਤ ਬਿਲਹਾਹ ਨਾਲ ਯੌਨ ਸੰਬੰਧ ਬਣਾ ਕੇ ਆਪਣੀ **ਉੱਚੀ ਪਦਵੀ** ਨੂੰ ਗੁਆ ਦਿੱਤਾ ਸੀ (35:22)। ਉਸ ਸ਼ਰਮਨਾਕ ਤਰੀਕੇ ਨਾਲ, ਰਊਬੇਨ ਨੇ ਵਿਭਚਾਰ ਕਰਕੇ ਆਪਣੇ ਪਿਤਾ ਦੀ **ਛੇਜ** ਨੂੰ ਅਪਵਿੱਤਰ ਕਰਨ ਦੁਆਰਾ ਆਪਣੇ ਆਦਰ ਦੇ ਅਹੁਦੇ ਦੀ ਦੁਰਵਰਤੋਂ ਕੀਤੀ ਸੀ। ਇਹ ਕੰਮ ਕਰਕੇ, ਉਸ ਨੇ ਪਰਿਵਾਰ ਵਿਚ ਆਪਣਾ ਜੇਠਾ ਹੋਣ ਦਾ ਹੱਕ ਅਤੇ ਆਗੂ ਹੋਣ ਦਾ ਅਹੁਦਾ ਗੁਆ ਦਿੱਤਾ ਸੀ (1 ਇਤਹਾਸ 5:1, 2) ਅਤੇ ਯਾਕੂਬ ਕੋਲੋਂ ਦੋਸ਼ੀ ਠਹਿਰਿਆ ਸੀ। ਜਦੋਂ ਇਸਰਾਏਲੀਆਂ ਨੇ ਵਾਅਦੇ ਦੇ ਦੇਸ ਵਿਚ ਵੱਸਣਾ ਸ਼ੁਰੂ ਕੀਤਾ, ਰਊਬੇਨ ਦੀ ਅੰਸ ਦੇ ਹਿੱਸੇ ਜੋ ਜ਼ਮੀਨ ਆਈ ਉਹ ਯਰਦਨ ਨਦੀ ਦੇ ਚੜ੍ਹਦੇ ਵੱਲ ਸੀ (ਯਹੋਸ਼ੁਆ 13:15-23)। ਉਹ "ਇਸਰਾਏਲ ਦੇ ਗੋਤਾਂ ਵਿਚ ... ਘਟੀਆਂ ਅਹੁਦਾ ਮਿਲਣ ਦੇ ਨਤੀਜਿਆਂ ਨੂੰ ਭੁਗਤਣ ਦੇ ਲਈ ਠਹਿਰਾਏ ਗਏ ਸਨ।"[1]

### *ਸ਼ਿਮਓਨ ਅਤੇ ਲੇਵੀ (49:5-7)*

**ਆਇਤ 5.** ਇਹ ਕਹਿਣ ਦੁਆਰਾ ਕਿ **ਸ਼ਿਮਓਨ ਅਤੇ ਲੇਵੀ ਸੱਕੇ ਭਰਾ ਹਨ**, ਯਾਕੂਬ ਸਿਰਫ ਸੱਕੇ ਭਰਾ ਹੋਣ ਦੇ ਤੌਰ ਤੇ ਉਨ੍ਹਾਂ ਦੇ ਸਪੱਸ਼ਟ ਰਿਸ਼ਤੇ ਬਾਰੇ ਨਹੀਂ ਸੀ ਦੱਸ ਰਿਹਾ। ਬਲਕਿ, ਉਹ ਇਹ ਜ਼ੋਰ ਦੇ ਰਿਹਾ ਸੀ ਕਿ ਉਹ ਮਿੱਤਰ ਜਾਂ ਸਹਿਯੋਗੀ ਸਨ ਜਿਨ੍ਹਾਂ ਨੇ ਸਾਂਝੇ ਕੰਮ ਦੇ ਲਈ **ਉਨ੍ਹਾਂ ਦੀਆਂ ਤੇਗਾਂ ਜੁਲਮ ਦੇ ਸ਼ਸਤ੍ਰ** ਦੇ ਤੌਰ ਤੇ ਵਰਤੀਆਂ ਸਨ: ਸ਼ਕਮ ਦੇ ਨਰਾਂ ਨੂੰ ਵੱਢਣ ਦਾ ਭਿਆਣਕ ਜੁਰਮ (34:25-30)।

**ਆਇਤ 6.** ਉਨ੍ਹਾਂ ਦੇ ਇਸ ਖ਼ੂਨੀ ਕੰਮ ਨੇ ਯਾਕੂਬ ਦੀ **ਜਿੰਦ** (נֶפֶשׁ, *ਨੀਪੇਸ਼*, "ਜੀਵਨ"/"ਜਾਨ"[2]) ਅਜਿਹਾ ਕਸ਼ਟ ਪੈਦਾ ਕਰ ਦਿੱਤਾ ਕਿ ਉਹ **ਉਨ੍ਹਾਂ ਦੀ ਸਭਾ** ਵਿਚ ਜਾ ਕੇ ਅਤੇ ਉਨ੍ਹਾਂ ਦੀ ਸੰਗਤ ਵਿਚ ਰਲ ਕੇ ਆਪਣੀ **ਪਤ** (כָּבוֹד, *ਕਬੋਡ*, "ਜੀਵਨ" ਜਾਂ "ਅੰਦਰਲਾ ਇਨਸਾਨ"[3]) ਨਹੀਂ ਸੀ ਗੁਆਉਣਾ ਚਾਹੁੰਦਾ। ਇਨ੍ਹਾਂ ਦੋ ਪੁੱਤਰਾਂ ਦੀ ਧੋਖੇਬਾਜ਼ੀ ਯਾਕੂਬ ਦੀ ਸਮਝ ਤੋਂ ਪਰੇ ਸੀ: **ਉਨ੍ਹਾਂ ਨੇ ਆਪਣੇ ਕ੍ਰੋਧ ਵਿੱਚ** ਸ਼ਕਮ ਦੇ ਸਾਰੇ **ਮਨੁੱਖਾਂ ਨੂੰ ਵੱਢ ਸੁੱਟਿਆ** ਕਿਉਂਕਿ ਕਿਸੇ ਵੀ ਮਨੁੱਖ ਨੇ ਉਨ੍ਹਾਂ ਦੀ ਭੈਣ ਦੀਨਾਹ ਦਾ ਬਲਾਤਕਾਰ ਨਹੀਂ ਸੀ ਕੀਤਾ (34:2, 25-31)। ਯਾਕੂਬ ਉਨ੍ਹਾਂ ਦੇ ਇਸ ਵਿਹਾਰ ਤੋਂ ਇੰਨੀ ਜ਼ਿਆਦਾ ਨਫਰਤ ਕਰਨ ਲੱਗਾ ਕਿ ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਕਿ ਉਹ ਉਨ੍ਹਾਂ ਨਾਲ ਕੋਈ ਸੰਬੰਧ ਨਹੀਂ ਸੀ ਰੱਖਣਾ ਚਾਹੁੰਦਾ।

ਸ਼ਿਮਓਨ ਅਤੇ ਲੇਵੀ ਦਾ ਕ੍ਰੋਧ ਸ਼ਕਮ ਦੇ ਨਰਾਂ ਨੂੰ ਵੱਢਣ ਨਾਲ ਵੀ ਨਹੀਂ ਸੀ ਬੁਝਿਆ; ਉਨ੍ਹਾਂ ਦੇ **ਢੀਠਪੁਣੇ** ਅਤੇ ਕ੍ਰੋਧ ਵਿਚ, ਉਨ੍ਹਾਂ ਨੇ **ਢੱਗੇ ਦੀਆਂ ਸੜਾਂ ਵੱਢ ਦਿੱਤੀਆਂ** ਜੋ ਸ਼ਕਮ ਦੇ ਲੋਕਾਂ ਦਾ ਸੀ। ਇਹ ਅਕਸਰ ਯੁੱਧ ਦੇ ਜੇਤੂਆਂ ਦੁਆਰਾ ਦੁਸ਼ਮਣਾਂ ਦੇ ਘੋੜਿਆਂ ਨਾਲ ਕੀਤਾ ਜਾਂਦਾ ਸੀ ਤਾਂ ਕਿ ਉਹ ਯੁੱਧ ਦੀਆਂ ਰੱਥਾਂ ਨੂੰ ਖਿੱਚ ਨਾ ਸਕਣ। ਪਰ, ਸ਼ਕਮ ਦੇ ਲੋਕ ਉਨ੍ਹਾਂ ਦੇ ਦੁਸ਼ਮਣ ਨਹੀਂ ਸਨ; ਉਹ ਯਾਕੂਬ ਦੇ ਪਰਿਵਾਰ ਨਾਲ ਸ਼ਾਂਤੀਪੂਰਣ ਸਹਿਯੋਗ ਦੇ ਨੇਮ ਵਿਚ ਸਹਿਮਤ ਹੋਏ ਸਨ (34:6-24)। ਇਸ ਲਈ, ਬਹੁਤ ਸਾਰੇ ਲੋਕਾਂ ਨੂੰ ਵੱਢਣ ਤੋਂ ਇਲਾਵਾ, ਭਰਾ ਢੱਗਿਆਂ ਦੇ ਬਲ ਅਤੇ ਉਪਯੋਗਤਾ ਨੂੰ ਨਾਸ ਕਰਨ ਦੇ ਦੁਆਰਾ ਬੇਰਹਿਮੀ ਦੇ ਨਾਇਨਸਾਫੀ ਵਾਲੇ ਕੰਮਾਂ ਵਿਚ ਸ਼ਾਮਲ ਹੋਏ ਸਨ।

**ਆਇਤ 7.** ਯਾਕੂਬ ਨੇ ਇਨ੍ਹਾਂ ਪੁੱਤਰਾਂ ਨੂੰ ਸਰਾਪਿਆ **ਕਿਉਂਕਿ ਉਨ੍ਹਾਂ** ਦਾ ਕ੍ਰੋਧ **ਤੁੰਦ ਸੀ** ਅਤੇ ਉਨ੍ਹਾਂ **ਦਾ ਰੋਹ ਕਠੋਰ ਸੀ**। ਪਰਮੇਸ਼ੁਰ ਦੇ ਬੁਲਾਰੇ (ਨਬੀ[4]) ਦੇ ਤੌਰ ਤੇ ਗੱਲ ਕਰਦਿਆਂ, ਉਸ ਨੇ ਇਸ ਸਜ਼ਾ ਦਾ ਐਲਾਨ ਕੀਤਾ: **ਮੈਂ ਉਨ੍ਹਾਂ ਨੂੰ ਯਾਕੂਬ ਵਿੱਚ ਵੰਡ ਛੱਡਾਂਗਾ ਅਤੇ ਉਨ੍ਹਾਂ ਨੂੰ ਇਸਰਾਏਲ ਵਿੱਚ ਖਿੰਡਾ ਦਿਆਂਗਾ**। ਇਹ ਨਬੂਵਤ ਭਵਿੱਖ ਵਿਚ ਸੈਂਕੜਾਂ ਸਾਲਾਂ ਵੱਲ ਇਸ਼ਾਰਾ ਕਰਦੀ ਸੀ, ਜਦੋਂ ਇਸਰਾਏਲੀ ਕਨਾਨ ਦੇ ਦੇਸ ਵਿਚ ਜਾ ਵੱਸੇ। ਉਹ ਜ਼ਮੀਨ ਜੋ ਸ਼ਿਮਓਨ ਨੂੰ ਦਿੱਤੀ ਗਈ ਸੀ ਉਸ ਜ਼ਮੀਨ ਦੀਆਂ ਹੱਦਾਂ ਦੇ ਅੰਦਰ ਸੀ ਜਿਹੜੀ ਯਹੂਦਾਹ ਦੀ ਸੀ (ਯਹੋਸ਼ੁਆ 19:1-9)। ਕਿਉਂਕਿ ਸ਼ਿਮਓਨ ਦੀ ਅੰਸ ਦਾ ਮੂਸਾ ਦੀ ਬਰਕਤ ਵਿਚ ਜ਼ਿਕਰ ਨਹੀਂ ਕੀਤਾ ਗਿਆ (ਬਿਵਸਥਾ ਸਾਰ 33) ਅਤੇ ਪੁਰਾਣੇ ਨੇਮ ਵਿਚ ਬਾਅਦ ਵਿਚ ਵੀ ਉਨ੍ਹਾਂ ਦੇ ਗੋਤ ਦਾ ਕਦੀ-ਕਦੀ ਹਵਾਲਾ ਦਿੱਤਾ ਗਿਆ ਸੀ, ਉਨ੍ਹਾਂ ਨੇ ਯਹੂਦਾਹ ਦੇ ਗੋਤ ਵਿਚ ਸ਼ਾਮਲ ਹੋ ਕੇ ਉਨ੍ਹਾਂ ਦੀ ਆਪਣੀ ਵੱਖਰੀ ਪਛਾਣ ਗੁਆ ਦਿੱਤੀ ਹੋਵੇਗੀ। ਲੇਵੀ ਜਾਜਕਾਈ ਗੋਤ ਬਣੇ; ਉਨ੍ਹਾਂ ਨੂੰ ਅੱਠਤਾਲੀ ਸ਼ਹਿਰ ਮਿਲੇ ਜੋ ਪੂਰੇ ਗੋਤਾਂ ਵਿਚ ਖਿੰਡੇ ਸਨ (ਯਹੋਸ਼ੁਆ 21:1-42), ਪਰ ਉਨ੍ਹਾਂ ਨੂੰ ਬਾਕੀ ਦੇ ਇਸਰਾਏਲੀਆਂ ਤੋਂ ਵੱਖਰੀ ਜ਼ਮੀਨ ਨਹੀਂ ਸੀ ਦਿੱਤੀ ਗਈ (ਯਹੋਸ਼ੁਆ 13:14, 32, 33)।

*ਯਹੂਦਾਹ (49:8-12)*

**ਆਇਤ 8. ਯਹੂਦਾਹ** ਲੇਆਹ ਦਾ ਚੌਥਾ ਪੁੱਤਰ ਅਤੇ ਯਾਕੂਬ ਦਾ ਚੌਥਾ ਪੁੱਤਰ ਸੀ। ਜਦੋਂ ਉਸ ਦਾ ਜਨਮ ਹੋਇਆ, ਉਸ ਦੀ ਮਾਂ ਆਖ ਰਹੀ ਸੀ, "ਮੈਂ ਯਹੋਵਾਹ ਦਾ ਧੰਨਵਾਦ ਕਰਾਂਗੀ," ਜਦੋਂ ਉਸ ਨੇ ਉਹ ਦਾ ਨਾਉਂ ਰੱਖਿਆ (29:35)।[5] ਯਹੂਦਾਹ ਦੇ ਮੁਢਲੇ ਜੀਵਨ ਵਿਚ, ਉਹ ਯਾਕੂਬ ਦੇ ਪੁੱਤਰਾਂ ਵਿਚੋਂ ਇਕ ਸੀ ਜਿਹੜਾ ਯੂਸੁਫ਼ ਨਾਲ ਨਫਰਤ ਕਰਦਾ ਸੀ ਅਤੇ ਇਸੇ ਨੇ ਆਪਣੇ ਭਰਾਵਾਂ ਨੂੰ ਇਹ ਸਲਾਹ ਦਿੱਤੀ ਸੀ ਕਿ ਉਨ੍ਹਾਂ ਨੂੰ ਯੂਸੁਫ਼ ਨੂੰ ਗੁਲਾਮੀ ਦੇ ਲਈ ਵੇਚ ਕੇ ਪੈਸੇ ਕਮਾਉਣੇ ਚਾਹੀਦੇ ਹਨ (37:26-28)। ਉਸ ਨੇ ਆਪਣੀ ਨੂੰਹ ਤਾਮਾਰ ਨਾਲ ਸੰਭੋਗ ਵੀ ਕੀਤਾ ਸੀ, ਜਿਸ ਨੂੰ ਉਸ ਸਮੇਂ ਉਸ ਨੇ ਸੋਚਿਆ ਕਿ ਉਹ ਵੇਸਵਾ ਹੈ (38:12-26)। ਫਿਰ ਵੀ, ਯਹੂਦਾਹ ਨੇ ਯਾਕੂਬ ਦੀਆਂ ਅਤੇ ਆਪਣੇ ਭਰਾਵਾਂ ਦੀਆਂ ਨਜ਼ਰਾਂ ਵਿਚ ਆਪਣੇ ਆਪ ਨੂੰ ਬਚਾ

ਲਿਆ ਜਦੋਂ ਉਸ ਨੇ ਆਪਣੇ ਭਰਾ ਬਿਨਯਾਮੀਨ ਦੀ ਰਿਹਾਈ ਦੇ ਬਦਲੇ ਆਪਣੇ ਆਪ ਨੂੰ ਜੀਵਨਭਰ ਦੇ ਲਈ ਮਿਸਰ ਵਿਚ ਗੁਲਾਮ ਬਣ ਕੇ ਰਹਿਣ ਦੀ ਪੇਸ਼ਕਸ਼ ਕੀਤੀ ਤਾਂ ਕਿ ਉਸ ਦਾ ਭਰਾ ਕਨਾਨ ਵਿਚ ਆਪਣੇ ਪਿਤਾ ਦੇ ਕੋਲ ਵਾਪਸ ਜਾ ਸਕੇ। ਯਹੂਦਾਹ ਜਾਣਦਾ ਸੀ ਕਿ ਯਾਕੂਬ ਆਪਣੇ ਪੁੱਤਰ ਯੂਸੁਫ਼ ਨੂੰ ਗੁਆਉਣ ਤੋਂ ਕਦੇ ਨਹੀਂ ਸੀ ਉੱਭਰ ਪਾਇਆ; ਜੇਕਰ ਉਹ ਬਿਨਯਾਮੀਨ ਨੂੰ ਵੀ ਗੁਆ ਦੇਵੇਗਾ ਤਾਂ ਉਹ ਨਿਸ਼ਚਤ ਤੌਰ ਤੇ ਟੁੱਟੇ ਹੋਏ ਦਿਲ ਨਾਲ ਜੀ ਨਹੀਂ ਪਾਵੇਗਾ (44:18-34)। ਇਸ ਸੰਕੇਤ ਤੇ ਅਧਾਰਿਤ, ਯਾਕੂਬ ਸਮਝ ਗਿਆ ਸੀ ਕਿ ਯਹੂਦਾਹ ਉਸ ਕਿਸਮ ਦਾ ਵਿਅਕਤੀ ਬਣ ਗਿਆ ਸੀ ਜਿਹੜਾ ਆਪਣੇ ਪਰਿਵਾਰ ਦਾ ਆਗੂ ਬਣ ਸਕਦਾ ਸੀ ਅਤੇ ਆਪਣੇ ਅੰਸਾਂ ਦੇ ਸਾਹਮਣੇ ਅਗਵਾਈ ਦਾ ਇਕ ਉਚਿਤ ਨਮੂਨਾ ਪੇਸ਼ ਕਰ ਸਕਦਾ ਸੀ। ਇਸ ਲਈ, ਯਹੂਦਾਹ ਦੀ ਸੰਤਾਨ ਸਭ ਤੋਂ ਮਹੱਤਵਪੂਰਣ ਅਤੇ ਵਾਅਦੇ ਦੇ ਦੇਸ ਵਿਚ ਸਭ ਤੋਂ ਵੱਡਾ ਗੋਤ ਬਣਿਆ।

ਆਪਣੇ ਪਹਿਲੇ ਤਿੰਨ ਪੁੱਤਰਾਂ ਨੂੰ ਨਜ਼ਰਅੰਦਾਜ਼ ਕਰਕੇ, ਬੁੱਢੇ ਪੁਰਖੇ ਨੇ ਆਪਣੇ ਚੌਥੇ ਪੁੱਤਰ ਨੂੰ ਜੇਠੇ ਹੋਣ ਦੇ ਹੱਕ ਦਾ ਇਖ਼ਤਿਆਰ ਵਾਲਾ ਹਿੱਸਾ ਦਿੱਤਾ। ਉਹ ਆਪਣੇ ਭਰਾਵਾਂ ਅਤੇ ਉਨ੍ਹਾਂ ਦੀ ਅੰਸ ਉੱਤੇ ਆਗੂ ਹੋਵੇਗਾ। ਯਹੂਦਾਹ ਦੀ ਇਸ ਨਿਯੁਕਤੀ ਦੀ ਉਸ ਦੇ ਭਰਾਵਾਂ ਦੁਆਰਾ ਪੁਸ਼ਟੀ ਕੀਤੀ ਜਾਣੀ ਸੀ, ਜਿਹੜੇ ਉਸ ਨੂੰ **ਸਲਾਹੁਣਗੇ** ਕਿਉਂਕਿ ਉਸ ਦਾ **ਹੱਥ** ਉਸ ਦੇ **ਵੈਰੀਆਂ ਦੀ ਧੌਣ** (עֹרֶף, *ਓਰੇਪ*)[6] **ਉੱਤੇ ਹੋਵੇਗਾ**। ਯਹੂਦਾਹ ਦੇ ਜੀਵਨ ਬਾਰੇ ਬਾਈਬਲ ਦੇ ਬਿਰਤਾਂਤ ਵਿਚ ਅਜਿਹਾ ਕੁਝ ਨਹੀਂ ਹੈ ਜੋ ਦੱਸਦਾ ਹੋਵੇ ਕਿ ਉਸ ਨੇ ਨਿੱਜੀ ਤੌਰ ਤੇ ਇਸ ਭੂਮਿਕਾ ਨੂੰ ਨਿਭਾਇਆ, ਪਰ ਬਰਕਤ ਯਹੂਦਾਹ ਤੋਂ ਵੀ ਪਰੇ ਪਹੁੰਚੀ, ਉਸ ਦੇ ਵੰਸ਼ ਦੇ ਦੂਰ-ਦਰਾਡੀ ਭਵਿੱਖ ਵਿਚ। ਸਮਾਂ ਆਵੇਗਾ ਜਦੋਂ ਯਹੂਦਾਹ ਦੀ ਅੰਸ ਆਪਣੇ ਵੈਰੀਆਂ ਨੂੰ ਹਰਾਵੇਗੀ, ਜਿਹੜੇ ਭੱਜ ਜਾਣਗੇ ਉਨ੍ਹਾਂ ਦਾ ਪਿੱਛਾ ਕਰੇਗੀ, ਉਨ੍ਹਾਂ ਨੂੰ ਪਿੱਛੋਂ ਜਾ ਫੜੇਗੀ[7] ਅਤੇ ਉਨ੍ਹਾਂ ਨੂੰ ਹਰਾ ਦੇਵੇਗੀ। ਬਾਈਬਲ ਦੇ ਬਾਅਦ ਵਾਲੇ ਬਿਰਤਾਂਤ ਕਨਾਨ ਦੀ ਜਿੱਤ (ਨਿਆਈਆਂ 1:1-21) ਅਤੇ ਦਾਊਦ ਦੀਆਂ ਉਸ ਦੇ ਵੈਰੀਆਂ ਤੇ ਬਹੁਤ ਸਾਰੀਆਂ ਜਿੱਤਾਂ ਵਿਚ ਯਹੂਦਾਹ ਦੇ ਗੋਤ ਦੁਆਰਾ ਨਿਭਾਈ ਗਈ ਨਿਰਣਾਇਕ ਭੂਮਿਕਾ ਦੇ ਬਾਰੇ ਦੱਸਦੇ ਹਨ।[8] ਜਦੋਂ ਬਾਕੀ ਗੋਤਾਂ ਨੇ ਦਾਊਦ (ਯਹੂਦਾਹ ਦੀ ਇਕ ਅੰਸ) ਨੂੰ ਰਾਜਾ ਤੇ ਤੌਰ ਤੇ ਸਵੀਕਰ ਕਰ ਲਿਆ, ਯਾਕੂਬ ਦੇ **ਪੁੱਤ੍ਰ** (ਅੰਸ) ਨੇ ਪ੍ਰਤੀਕਾਤਮਕ ਰੂਪ ਵਿਚ ਉਹੀ ਕੀਤਾ ਜੋ ਉਨ੍ਹਾਂ ਨੂੰ ਕਰਨ ਦੇ ਲਈ ਠਹਿਰਾਇਆ ਗਿਆ ਸੀ: ਉਹ ਉਸ ਦੀ ਵੰਡੀ ਅੰਸ, ਦਾਊਦ ਦੀ ਮੌਜੂਦਗੀ ਵਿਚ ਯਹੂਦਾਹ ਦੇ ਅੱਗੇ **ਨਿਉਏ** (ਵੇਖੋ 2 ਸਮੂਏਲ 5:1-5)।

**ਆਇਤ 9.** ਇਸ ਵੇਲੇ, ਵਾਰਤਾਕਾਰ ਦਾ ਵਰਣਨ ਯਹੂਦਾਹ ਦੇ ਭਵਿੱਖ ਦੇ ਕੰਮਾਂ ਤੋਂ **ਸਿੰਘ ਦੇ ਬੱਚੇ** ਦੇ ਪ੍ਰਤੀਕ ਦੇ ਪ੍ਰਤੀ ਉਸ ਦੇ ਭਰਾਵਾਂ ਦੇ ਜਵਾਬ ਵਿਚ ਬਦਲ ਜਾਂਦਾ ਹੈ। ਸ਼ੇਰ ਸਭ ਤੋਂ ਵਹਿਸ਼ੀ ਜਾਨਵਰਾਂ ਵਿੱਚੋਂ ਇਕ ਹੈ। ਸ਼ੇਰ ਦਾ ਵਰਣਨ ਕਰਨ ਦੇ ਲਈ ਇਬਰਾਨੀ ਭਾਸ਼ਾ ਵਿਚ ਵੱਖ-ਵੱਖ ਸ਼ਬਦ ਵਰਤੇ ਗਏ ਹਨ ਅਤੇ ਯਹੂਦਾਹ ਦੇ ਵਧਣ ਜਾਂ ਵਿਕਾਸ ਦੀ ਤੁਲਨਾ ਸ਼ੇਰ ਦੇ ਨਵਜੰਮੇ ਬੱਚੇ ਦੇ ਨਾਲ ਕੀਤੀ ਗਈ ਹੈ। ਪਹਿਲੀ ਗੱਲ, ਸ਼ੇਰ ਦਾ ਬੱਚਾ ਛੋਟਾ ਅਤੇ ਕਮਜ਼ੋਰ ਹੈ; ਪਰ, ਸਮੇਂ ਸਿਰ, ਉਹ ਵੱਡਾ ਹੋ ਕੇ ਪੁਰਸ਼ ਵਾਂਗ ਬਣ ਜਾਂਦਾ ਹੈ ਜਿਹੜਾ ਸੰਭੋਗ ਕਰਦਾ ਹੈ ਅਤੇ ਇਸ ਰਾਜਾ ਦੇ ਤੌਰ ਤੇ ਉਸ ਦੇ ਆਪਣੇ ਸ਼ੇਰਾਂ ਦੇ ਸਮੂਹ (ਪਰਿਵਾਰ) ਤੇ ਰਾਜ ਕਰਦਾ ਹੈ।

ਪ੍ਰਾਚੀਨ ਸੰਸਾਰ ਵਿਚ ਸ਼ੇਰ, ਜਿਸ ਨੂੰ ਅਕਸਰ ਜੰਗਲੀ ਜਾਨਵਰਾਂ ਦਾ ਰਾਜਾ ਸਮਝਿਆ ਜਾਂਦਾ ਹੈ, ਸੰਜੋਗ ਨਾਲ ਆਗੂ ਦਾ ਪ੍ਰਤੀਕ ਨਹੀਂ ਸੀ ਬਣਿਆ। ਮੂਸਾ ਦੀਆਂ ਬਰਕਤਾਂ ਵਿਚ, ਗਾਦ ਅਤੇ ਦਾਨ ਦੇ ਗੋਤਾਂ ਨੂੰ ਸ਼ੇਰਾਂ ਦੇ ਰੂਪ ਵਿਚ ਦਰਸਾਇਆ ਗਿਆ ਹੈ (ਬਿਵਸਥਾ ਸਾਰ 33:20-22)। ਯਰੂਸ਼ਲਮ ਵਿਚ ਸੁਲੇਮਾਨ ਵਰਗੇ ਰਾਜਿਆਂ ਅਤੇ ਉਸ ਦੇ ਵਾਰਸਾਂ ਦੇ ਆਲੇ-ਦੁਆਲੇ ਬਬਰ ਸ਼ੇਰ ਖੜ੍ਹੇ ਰਹਿੰਦੇ ਸਨ (1 ਰਾਜਿਆਂ 10:18-20)। ਯਹੂਦੀ ਇਤਹਾਸ ਵਿਚ ਅੱਗੇ ਜਾ ਕੇ,

ਨਬੀਆਂ ਨੇ ਪਰਮੇਸ਼ੁਰ ਦੀ ਪਰਜਾ ਦੇ ਕੁਝ ਰਾਜਿਆਂ ਨੂੰ ਬਬਰ ਸ਼ੇਰ ਕਿਹਾ ਸੀ (ਹਿਜ਼ਕੀਏਲ 19:1-9; ਸਫ਼ਨਯਾਹ 3:3)। ਪਰ, ਸ਼ੇਰ ਪ੍ਰਤੀਕ ਦੀ ਸ਼ੁਰੂਆਤੀ ਵਰਤੋਂ ਅਬਰਾਹਾਮ ਦੀ ਵਿਅਕਤੀਗਤ ਅੰਸ ਦੇ ਸੰਬੰਧ ਵਿਚ ਦੇਹਾਂਤ ਤੋਂ ਪਹਿਲਾਂ ਯਹੂਦਾਹ ਦੀ ਅਸੀਸ ਅਤੇ ਉਸ ਦੇ ਸੰਤਾਨ ਵਿਚ ਸੀ, ਜੋ ਪਰਤੱਖ ਰੂਪ ਵਿਚ ਦਾਊਦ ਵੱਲ ਇਸ਼ਾਰਾ ਕਰਦੀ ਸੀ।

ਸਭ ਤੋਂ ਪਹਿਲਾਂ, **ਯਹੂਦਾਹ** (ਮਨੁੱਖ) ਦਾ ਸਿੰਘ ਦੇ ਬੱਚੇ ਦੇ ਰੂਪ ਵਿਚ ਵਰਣਨ ਕੀਤਾ ਗਿਆ ਹੈ ਜੋ ਕਿ ਵੱਡਾ ਹੋ ਕੇ ਇਕ ਜਵਾਨ ਸਿੰਘ (ਯਹੂਦਾਹ ਦਾ ਵਿਕਾਸਸ਼ੀਲ ਗੋਤ) ਬਣ ਗਿਆ ਅਤੇ ਕਨਾਨ ਦੀ ਜਿੱਤ ਦੇ ਹਿੱਸੇ ਵਜੋ, ਬੇਰਹਿਮੀ ਨਾਲ ਆਪਣੇ **ਸ਼ਿਕਾਰ** (ਵਾਅਦੇ ਦੇ ਦੇਸ ਦੇ ਦੱਖਣੀ ਹਿੱਸੇ ਵਿਚ ਕਨਾਨੀਆਂ) ਤੇ ਹਮਲਾ ਕੀਤਾ। ਫਿਰ, ਇਕ ਸ਼ਕਤੀਸ਼ਾਲੀ ਅਤੇ ਸਿਆਣੇ ਸਿੰਘ (ਦਾਊਦ ਦੀ ਅਗਵਾਈ ਹੇਠ, ਯਹੂਦਾਹ ਦਾ ਗੋਤ) ਵਾਂਙੁ, ਕਿਹਾ ਜਾਂਦਾ ਹੈ ਕਿ ਉਹ ਆਪਣੇ ਘੁਰਨੇ ਵਿਚ ਵਾਪਸ ਚਲਾ ਗਿਆ, ਜਿੱਥੇ **ਉਹ ਸਿੰਘ ਵਾਂਙੁ ਨਿਵਿਆ ਤੇ ਛੈਹ ਗਿਆ**। ਉੱਥੇ, ਉਹ ਆਪਣੇ ਅਗਲੇ ਸ਼ਿਕਾਰ ਦੀ ਉਡੀਕ ਕਰਦਾ ਹੈ, ਪਰ ਕੋਈ **ਉਹ ਨੂੰ ਛੇੜਨ** ਅਤੇ ਚੁਣੌਤੀ ਦੇਣ ਦੀ ਹਿੰਮਤ ਨਹੀਂ ਕਰਦਾ।[9] ਇਸ ਰੂਪਕ ਦੀ ਪੂਰਤੀ ਵਿਚ, ਦਾਊਦ ਨੇ ਸਾਢੇ ਸੱਤ ਸਾਲਾਂ ਦੇ ਲਈ ਯਹੂਦਾਹ ਤੇ ਰਾਜਾ ਦੇ ਤੌਰ ਤੇ ਰਾਜ ਕਰਦਿਆਂ, ਜਦੋਂ ਤੱਕ ਇਕ ਸੰਯੁਕਤ ਰਾਜ ਦੇ ਹਿੱਸੇ ਵਜੋਂ, ਉੱਤਰੀ ਗੋਤਾਂ ਨੇ ਵੀ ਉਸ ਨੂੰ ਉਨ੍ਹਾਂ ਦੇ ਰਾਜ ਕਰਨ ਦੇ ਲਈ ਨਹੀਂ ਆਖਿਆ, ਬੜੇ ਸਬਰ ਨਾਲ ਹਬਰੋਨ ਵਿਚ ਉਡੀਕ ਕੀਤੀ (2 ਸਮੂਏਲ 5:1-5)। ਇਸ ਤਰੀਕੇ ਨਾਲ, ਦਾਊਦ ਇਕ ਰਾਜਾ ਬਣਿਆ ਜਿਸ ਨੇ ਇਸਰਾਏਲ ਦੇ ਸਾਰਿਆਂ ਬਾਰਾਂ ਗੋਤਾਂ (ਯਾਕੂਬ ਦੀ ਅੰਸ) ਤੇ ਰਾਜ ਕੀਤਾ ਸੀ।

**ਆਇਤ 10.** ਇੱਥੇ, ਯਾਕੂਬ ਦੀ ਨਬੂਵਤ ਇਸ ਦੇ ਉੱਚ ਬਿੰਦੂ ਤੇ ਪਹੁੰਚੀ। ਜਦੋਂ ਉਸ ਨੇ ਯਹੂਦਾਹ ਦੀ ਸ਼ਾਹੀ ਅੰਸ ਦਾ ਵਰਣਨ ਕੀਤਾ, ਲੇਖਕ ਨੇ ਇਕ **ਰਾਜ ਡੰਡੇ** ਦਾ ਜ਼ਿਕਰ ਕੀਤਾ ਜੋ **ਯਹੂਦਾਹ ਤੋਂ ਚਲਿਆ ਨਾ ਜਾਵੇਗਾ। ਨਾ ਉਸ ਦੇ ਪੈਰਾਂ ਦੇ ਵਿੱਚੋਂ ਹਾਕਮ ਦਾ ਸੋਟਾ** ਜਾਵੇਗਾ। ਇਹ ਮਸੋਪੋਤਾਮੀਆ ਵਿਚ ਪਾਤਸ਼ਾਹੀ ਦੇ ਸਪੱਸ਼ਟ ਚਿੰਨ੍ਹ ਸਨ, ਜਿਵੇਂ ਕਿ ਅਨੇਕ ਪ੍ਰਾਚੀਨ ਨਕਾਸ਼ੀਆਂ ਵਰਣਨ ਕਰਦੀਆਂ ਹਨ।[10] ਬੇਸ਼ੱਕ ਉਹ ਦਾਊਦ ਦੀ ਖ਼ਾਨਦਾਨ ਵੱਲ ਇਸ਼ਾਰਾ ਕਰਦੀਆਂ ਸਨ (ਵੇਖੋ ਗਿਣਤੀ 24:17-19; ਜ਼ਬੂਰ 45:1, 6, 7), ਜਿਨ੍ਹਾਂ ਨੇ ਉਨ੍ਹਾਂ ਦੇ ਕੁਝ ਸਭ ਤੋਂ ਉੱਤਮ ਵਰਿਹਾਂ ਦੌਰਾਨ ਇਸਰਾਏਲੀਆਂ (ਯਾਕੂਬ ਦੀ ਅੰਸ) ਤੇ ਰਾਜ ਕੀਤਾ ਸੀ (ਵੇਖੋ 2 ਸਮੂਏਲ 7:8-16; ਜ਼ਬੂਰਾਂ 2:7-9; 89:3, 4)। ਆਇਤ 10 ਦਾ ਆਖ਼ਰੀ ਹਿੱਸਾ ਟਿੱਪਣੀਕਾਰਾਂ ਦੇ ਲਈ ਇਕ ਸ਼ਬਦ ਪਹੇਲੀ ਹੈ। **ਸ਼ੀਲੋਹ** ਦੇ ਵੱਖ-ਵੱਖ ਅਨੁਵਾਦ ਅਤੇ ਵਿਆਖਿਆਵਾਂ ਹਨ (ਸਫ਼ੇ 137-39 ਤੇ *ਵਧੇਰੇ ਅਧਿਐਨ ਲਈ: "ਸ਼ੀਲੋਹ" ਦਾ ਅਰਥ* ਵੇਖੋ)। ਤਾਂ ਵੀ, ਵਿਚਾਰ ਇਹ ਹੈ ਕਿ ਯਹੂਦਾਹ ਦੇ ਵੰਸ਼ ਵਿੱਚੋਂ ਰਾਜੇ **ਲੋਕਾਂ ਦੀ ਆਗਿਆਕਾਰੀ** ਨੂੰ ਸਲਾਹੁਣਗੇ।

**ਆਇਤਾਂ 11, 12.** ਯਹੂਦਾਹ ਦੀ ਸ਼ਾਹੀ ਅੰਸ, ਦਾਊਦ, ਸ਼ਾਂਤੀ ਅਤੇ ਵੱਡੀ ਖੁਸ਼ਹਾਲੀ ਦਾ ਅਨੰਦ ਮਾਣੇਗੀ, ਜਿਸ ਦਾ ਪ੍ਰਤੀਕਾਤਮਕ ਰੂਪ ਵਿਚ **ਉਹ ਆਪਣਾ ਖੋਤਾ ਦਾਖ ਦੀ ਬੇਲ ਨਾਲ ਅਤੇ ਆਪਣੀ ਖੋਤੀ ਦਾ ਬੱਚਾ ਦਾਖ ਦੇ ਉੱਤਮ ਬੂਟੇ ਨਾਲ ਬੰਨ੍ਹਣ** ਵਜੋਂ ਵਰਣਨ ਕੀਤਾ ਗਿਆ ਹੈ। ਨਿਆਈਆਂ ਦੇ ਬੱਚਿਆਂ ਦੇ ਲਈ (ਨਿਆਈਆਂ 10:3, 4; 12:14) ਅਤੇ ਮੁਢਲੇ ਇਸਰਾਏਲੀ ਰਾਜਿਆਂ ਦੇ ਲਈ (2 ਸਮੂਏਲ 16:2; 19:24-26) ਖੋਤੀ ਆਵਾਜਾਈ ਦਾ ਬਾਕਾਇਦਾ ਇਕ ਸਾਧਨ ਸੀ।[11] ਜਦੋਂ ਇਕ ਰਾਜਾ ਖੋਤੀ ਉੱਤੇ ਸਵਾਰ ਹੋ ਕੇ ਸ਼ਹਿਰ ਦੇ ਵਿਚ ਦਾਖ਼ਲ ਹੁੰਦਾ ਸੀ, ਤਾਂ ਇਹ ਸ਼ਾਂਤੀ ਅਤੇ ਖੁਸ਼ਹਾਲੀ ਦਾ ਇਕ ਚਿੰਨ੍ਹ ਹੁੰਦਾ ਸੀ (ਜ਼ਕਰਯਾਹ 9:9; ਮੱਤੀ 21:1-5)। ਫਿਰ ਵੀ, ਸਿਰਫ ਇਕ ਮੂਰਖ ਬੰਦਾ ਹੀ ਖੋਤੀ ਨੂੰ ਦਾਖ ਦੇ ਉੱਤਮ ਬੂਟੇ ਨਾਲ ਬੰਨ੍ਹੇਗਾ; ਜਾਨਵਰ ਨਾ ਸਿਰਫ ਦਾਖਾਂ ਨੂੰ ਖਾ ਜਾਵੇਗਾ, ਪਰ ਸਾਰੀ ਬੇਲ ਨੂੰ ਵੀ ਖਾ ਜਾਵੇਗਾ। ਫਿਰ ਦਾਖਾਂ ਨਾਲ ਭਰੀ ਬੇਲ ਦਾ ਇਹ ਚਿੱਤਰ ਇਹ ਦਰਸਾਉਂਦਾ ਹੈ ਕਿ ਖੋਤੀ ਦੀ ਸੰਤਾਨ ਵੀ ਐਸ਼ੋ ਅਰਾਮ ਦਾ ਅਨੰਦ ਮਾਣਦੀ ਹੈ।

ਯਾਕੂਬ ਦੀ ਵੱਡੀ ਅਸੀਸ ਅੱਗੇ ਵੀ ਜਾਰੀ ਰਹੀ ਅਤੇ ਉਸ ਨੇ ਯਹੂਦਾਹ ਦੀ ਖ਼ਾਸ ਅੰਸ ਦੀ ਇਕ ਬਹੁਤ ਹੀ ਧਨੀ ਵਿਅਕਤੀ ਦੇ ਰੂਪ ਵਿਚ ਤਸਵੀਰ ਪੇਸ਼ ਕੀਤੀ ਜਿਹੜਾ **ਆਪਣਾ ਬਸਤ੍ਰ ਮਧ ਵਿੱਚ** ਧੋ ਸਕਦਾ ਸੀ। ਉਹ ਅਜਿਹੀ ਭਰਪੂਰ ਫਸਲ ਅਤੇ ਇੰਨੀ ਮਹਿੰਗੀ ਮਧ ਦਾ ਅਨੰਦ ਮਾਣੇਗਾ ਕਿ ਉਹ **ਆਪਣਾ ਲੀੜਾ ਅੰਗੂਰਾਂ ਦੇ ਲਹੂ** (ਰਸ) ਨਾਲ ਧੋ ਸਕੇਗਾ। ਉਨ੍ਹਾਂ ਤੋਂ ਪੈਦਾ ਹੋਣ ਵਾਲੀਆਂ ਦਾਖਾਂ ਅਤੇ ਮਧ ਇੰਨੀ ਜ਼ਿਆਦਾ ਹੋਵੇਗੀ ਕਿ **ਉਹ ਦੀਆਂ ਅੱਖਾਂ ਮਧ ਨਾਲੋਂ ਕਾਲੀਆਂ** (חַכְלִילִי, *ਚਕਲਿਲੀ)* ਹੋ ਜਾਣਗੀਆਂ। ਇਸ ਦਾ ਅਰਥ ਇਹ ਪ੍ਰਤੀਤ ਹੁੰਦਾ ਹੈ ਕਿ ਉਸ ਦੀਆਂ ਅੱਖਾਂ "ਖੂਨੀ" ਜਾਂ "ਲਾਲ"[12] ਹੋ ਜਾਣਗੀਆਂ ਅਤੇ ਬਹੁਤ ਜ਼ਿਆਦਾ ਮਧ ਪੀਣ ਦੇ ਕਾਰਣ ਉਸ ਦੀ ਨਜ਼ਰ ਧੁੰਧਲੀ ਹੋ ਜਾਵੇਗੀ।[13] NIV ਬਾਈਬਲ ਵਿਚ ਵੀ ਇਹੀ ਵਿਚਾਰ ਹੈ; ਪਰ ਉਸ ਵਿਚ ਇਸ ਇਬਰਾਨੀ ਸ਼ਬਦ ਦਾ ਅਰਥ ਹੈ "ਮਧ ਨਾਲੋਂ ਕਾਲੀਆਂ।" ਇਹ ਦੱਸਦਾ ਹੈ ਕਿ ਕਾਲੀ ਲਾਲ ਮਧ ਪੀਣਾ ਉਸ ਦੀਆਂ ਅੱਖਾਂ ਨੂੰ ਮਧ ਨਾਲੋਂ ਹੋਰ ਵੀ ਜ਼ਿਆਦਾ ਕਾਲੀਆਂ "ਲਾਲ" (KJV; RSV) ਕਰ ਦੇਵੇਗਾ। ਉਸ ਦੀ ਭਰਪੂਰ ਖੁਸ਼ਹਾਲੀ ਦੇ ਸੰਬੰਧ ਕੀਤਾ ਗਿਆ ਆਖ਼ਰੀ ਵੱਡਾ ਦਾਅਵਾ ਇਹ ਸੀ ਕਿ **ਉਹ ਦੇ ਦੰਦ ਦੁੱਧ ਨਾਲੋਂ ਚਿੱਟੇ** ਹੋਣਗੇ। ਕਿਉਂਕਿ ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਦੁੱਧ ਦੰਦਾਂ ਨੂੰ ਚਿੱਟੇ ਕਰਦਾ ਹੈ, ਇਸ ਦੀ ਬਿਹਤਰ ਵਿਆਖਿਆ ਇਹ ਹੋ ਸਕਦੀ ਹੈ ਕਿ "ਉਸ ਦੇ ਦੰਦ ਉਸ ਦੇ ਲਾਲ-ਸੂਹੇ ਬੁੱਲ੍ਹਾਂ ਨਾਲੋਂ ਜ਼ਿਆਦਾ ਚਮਕਦੇ ਸਨ।"[14]

*ਜਬੂਲੁਨ (49:13)*

**ਆਇਤ 13.** ਕਿਸੇ ਕਾਰਣ ਕਰਕੇ, ਯਾਕੂਬ ਨੇ ਇੱਥੇ ਜਨਮ ਦੀ ਤਰਤੀਬ ਬਦਲ ਦਿੱਤੀ; ਉਸ ਨੇ ਲੇਆਹ ਦੇ ਛੇਵੇਂ ਪੁੱਤਰ, **ਜਬੂਲੁਨ** ਨੂੰ ਅਗਲੀ ਬਰਕਤ ਦਿੰਦੇ ਹੋਏ ਉਸ ਦੇ ਪੰਜਵੇਂ ਪੁੱਤਰ, ਯੱਸ਼ਾਕਾਰ ਨੂੰ ਛੱਡ ਦਿੱਤਾ (ਵੇਖੋ 49:14, 15)। ਉਹ ਯਾਕੂਬ ਦਾ ਦਸਵਾਂ ਪੁੱਤਰ ਸੀ (30:17-20)। ਅਜੀਬ ਗੱਲ ਹੈ, ਇੱਥੇ ਅਤੇ ਮੂਸਾ ਦੀ ਬਰਕਤ ਵਿਚ ਦੋਹਾਂ ਵਿਚ (ਬਿਵਸਥਾ ਸਾਰ 33:18), ਜਬੂਲੁਨ ਦਾ ਨਾਂ ਉਸ ਦੇ ਭਰਾ ਯੱਸ਼ਾਕਾਰ ਤੋਂ ਪਹਿਲਾਂ ਆਉਣਾ ਇਹ ਸੁਝਾਅ ਦਿੰਦਾ ਹੈ ਕਿ ਜਬੂਲੁਨ ਨੂੰ ਸਰੇਸ਼ਠਤਾ ਦਿੱਤੀ ਗਈ ਸੀ। ਇਸ ਦੀ ਬਾਅਦ ਵਿਚ ਪੁਸ਼ਟੀ ਕੀਤੀ ਗਈ ਸੀ, ਜਦੋਂ ਯਹੋਸ਼ੁਆ ਨੇ ਜ਼ਮੀਨ ਦੀ ਵੰਡ ਦੇ ਲਈ "ਪਰਮੇਸ਼ੁਰ ਦੇ ਅੱਗੇ" ਗੁਣਾ ਪਾਈਆਂ (ਯਹੋਸ਼ੁਆ 18:6) ਅਤੇ ਇਕ ਵਾਰ ਫੇਰ ਜਬੂਲੁਨ ਨੂੰ ਯੱਸ਼ਾਕਾਰ ਤੇ ਪਹਿਲ ਦਿੱਤੀ ਗਈ ਸੀ (ਯਹੋਸ਼ੁਆ 19:10-23)। ਜਬੂਲੁਨ ਦਾ ਗੋਤ ਦੋਹਾਂ ਗੋਤਾਂ ਵਿੱਚੋਂ ਜ਼ਿਆਦਾ ਖੁਸ਼ਹਾਲ ਅਤੇ ਤਾਕਤਵਰ ਸੀ।

ਜਦ ਕਿ ਯਾਕੂਬ ਦੀ ਬਰਕਤ ਕਹਿੰਦੀ ਹੈ ਕਿ ਜਬੂਲੁਨ **ਸਮੁੰਦਰ ਦੇ ਘਾਟ ਉੱਤੇ ਵੱਸੇਗਾ** ਅਤੇ **ਉਹ ਬੇੜਿਆਂ ਦਾ ਘਾਟ ਹੋਵੇਗਾ**, ਇਸ ਗੋਤ ਨੂੰ ਜੋ ਜ਼ਮੀਨ ਦਿੱਤੀ ਗਈ ਸੀ ਉਹ ਭੂਮੱਧ ਸਾਗਰ ਤੀਕ ਨਹੀਂ ਪਹੁੰਚੀ (ਯਹੋਸ਼ੁਆ 19:10-16)। ਬਲਕਿ, ਆਸ਼ੇਰ ਦੇ ਗੋਤ ਨੂੰ ਸਮੁੰਦਰੀ ਤੱਟ ਦੇ ਨਾਲ ਜਬੂਲੁਨ ਦੇ ਪੱਛਮ ਵੱਲ ਜ਼ਮੀਨ ਮਿਲੀ (ਯਹੋਸ਼ੁਆ 19:24-31)। ਇਬਰਾਨੀ ਪੂਰਵਸਰਗ לְ (*ਲੇ)* ਦੇ ਵੱਖ-ਵੱਖ ਅਰਥ ਹਨ, ਇਸ ਲਈ ਯਾਕੂਬ ਦੀ ਨਬੂਵਤ ਨੇ ਜਬੂਲੁਨ ਨੂੰ ਸਮੁੰਦਰ ਦੇ ਕੰਢੇ "ਤੇ," "ਲਾਗੇ" (NIV), ਜਾਂ "ਨੇੜੇ" ਰੱਖਿਆ। ਅਸਲ ਵਿਚ, ਜਬੂਲੁਨ ਦੇ ਲਈ ਉਨ੍ਹਾਂ ਬੇੜਿਆਂ ਨਾਲ ਆਪਣੇ ਵਪਾਰ ਨੂੰ ਜਾਰੀ ਰੱਖਣ ਦੇ ਲਈ ਸਥਿਤੀ ਬਿਲਕੁਲ ਅਨੁਕੂਲ ਸੀ ਜਿਹੜੇ ਤੱਟ ਦੇ ਨੇੜੇ ਆਉਂਦੇ ਜਾਂਦੇ ਸਨ ਕਿਉਂਕਿ ਕੀਸ਼ੋਨ ਨਦੀ ਜਬੂਲੁਨ ਦੇ ਦੱਖਣੀ-ਪੱਛਮੀ ਬੰਨੇ ਅਤੇ ਆਸ਼ੇਰ ਦੀ ਦੱਖਣੀ ਸੀਮਾ ਦੇ ਨਾਲ-ਨਾਲ ਈਸਡਰਾਲੋਨ ਦੇ ਮੈਦਾਨ ਵਿੱਚੋਂ ਜਾਂਦੀ ਸੀ, ਜਿੱਥੇ ਇਹ ਆਪਣੇ ਆਪ ਨੂੰ ਭੂਮੱਧ ਸਾਗਰ ਵਿਚ ਖਾਲੀ ਕਰਦੀ ਸੀ। ਇਹ ਸਮੁੰਦਰ ਨੂੰ ਅਤੇ ਅੱਕੋ ਦੀ ਬੰਦਰਗਾਹ ਜਾਣ ਵਾਲਾ ਇਕ ਵੱਡਾ ਮਾਰਗ ਸੀ, ਜਿਹੜਾ ਕਿ ਉੱਤਰ ਤੋਂ ਜ਼ਿਆਦਾ ਦੂਰ ਨਹੀਂ ਸੀ। ਪਰ, ਜੇਕਰ ਜਬੂਲੁਨ ਦੇ ਵਪਾਰੀ ਆਸ਼ੇਰ ਥਾਣੀਂ ਜਾਣ ਦੀ ਬਜਾਇ ਸਿੱਧਾ ਸਮੁੰਦਰ ਦੇ ਪੱਛਮ ਵੱਲ ਜਾਣਾ ਚਾਹੁੰਦੇ ਸਨ, ਤਾਂ ਉਹ ਉਹ ਕਰ ਸਕਦੇ ਸਨ ਜੋ ਦੂਜੇ ਅੰਦਰੂਨੀ ਗੋਤਾਂ ਨੇ ਕੀਤਾ:

ਉਨ੍ਹਾਂ ਦੇ ਸਮਾਨ ਨੂੰ ਜੋ ਦੂਜਿਆਂ ਦਾ ਸੀ ਦੂਜੇ ਪਾਸੇ ਪਹੁੰਚਾਉਣ ਦੇ ਲਈ ਉਨ੍ਹਾਂ ਨੂੰ ਪੈਸੇ ਦੇਣੇ ਪੈਂਦੇ ਸਨ। ਇਸ ਤਰੀਕੇ ਨਾਲ, ਜਬੂਲੁਨ, ਜਿਸ ਦਾ **ਬੰਨਾ** (ਉੱਤਰੀ-ਪੱਛਮੀ ਸੀਮਾ) **ਸੀਦੋਨ ਤੀਕ** ਸੀ, "ਘਾਟ" ਸੀ ਜਿਸ ਨੇ "ਬੇੜਿਆਂ ਲਈ" ਵਪਾਰ ਨੂੰ ਬੜਾਵਾ ਦਿੱਤਾ।

ਕੁਝ ਸੋਚਦੇ ਹਨ ਕਿ "ਸੀਦੋਨ" ਦੇ ਹਵਾਲੇ ਦਾ ਅਰਥ ਇਹ ਹੈ ਕਿ ਜਬੂਲੁਨ ਦੇ ਮਨੁੱਖ ਸੀਦੋਨ ਦੇ ਬੇੜਿਆਂ ਤੇ ਗੁਲਾਮਾਂ ਦਾ ਕੰਮ ਕਰਦੇ ਸਨ ਜਿਹੜੇ ਸੀਦੋਨ ਦੀ ਬੰਦਰਗਾਹ ਤੋਂ ਜਾਂਦੇ ਸਨ। ਜਦ ਕਿ ਇਹ ਜਬੂਲੁਨ ਅਤੇ ਯੱਸ਼ਾਕਾਰ ਦੋਹਾਂ ਦੀ ਸੰਤਾਨ ਦੇ ਸੰਬੰਧ ਵਿਚ ਇਕ ਸੰਭਾਵਨਾ ਹੈ (49:15), ਜਬੂਲੁਨ ਦੇ ਮਨੁੱਖ ਉਨ੍ਹਾਂ ਦੇ ਭਰਾਵਾਂ ਤੋਂ ਬਹੁਤ ਹੀ ਵੱਖਰੇ ਸਨ: ਆਮ ਤੌਰ ਤੇ, ਉਹ ਤਕੜੇ, ਦਲੇਰ ਅਤੇ ਉਦਮੀ ਦਿਸਦੇ ਸਨ। ਉਹ ਇਸ ਕਿਸਮ ਦੇ ਮਨੁੱਖ ਸਨ ਜਿਹੜੇ ਆਪਣੇ ਆਪ ਦਾ ਅਤੇ ਆਪਣੀਆਂ ਚੀਜ਼ਾਂ ਦਾ ਬਚਾਓ ਕਰ ਸਕਦੇ ਸਨ; ਉਨ੍ਹਾਂ ਨੂੰ ਅਸਾਨੀ ਨਾਲ ਧੋਖਾ ਨਹੀਂ ਸੀ ਦਿੱਤਾ ਜਾ ਸਕਦਾ, ਨਾ ਹੀ ਉਨ੍ਹਾਂ ਹਰਾਇਆ ਜਾ ਸਕਦਾ ਸੀ, ਜਾਂ ਗੁਲਾਮੀ ਦੇ ਲਈ ਮਜਬੂਰ ਕੀਤਾ ਜਾ ਸਕਦਾ ਸੀ। ਮੂਸਾ ਦੀ ਬਰਕਤ ਵਿਚ ਸਮਾਂਤਰ ਆਇਤ ਇਹ ਇਸ਼ਾਰਾ ਕਰਦੀ ਹੈ ਕਿ ਜਬੂਲੁਨ ਦੇ ਮਨੁੱਖਾਂ ਵਿਚ ਅਜਿਹੇ ਗੁਣ ਸਨ ਜਿਹੜੇ ਉਨ੍ਹਾਂ ਨੂੰ "ਸਮੁੰਦਰਾਂ ਦੀ ਵਾਫ਼ਰੀ ਨੂੰ ਕੱਢਣ" ਦੇ ਲਈ ਪ੍ਰੋਤਸਾਹਨ ਦਿੰਦੇ ਸਨ (ਬਿਵਸਥਾ ਸਾਰ 33:19)। NIV ਬਾਈਬਲ ਇਸ ਵਿਚਾਰ ਨੂੰ ਹੋਰ ਵੀ ਜ਼ਿਆਦਾ ਮਜ਼ਬੂਤ ਸ਼ਬਦਾਂ ਵਿਚ ਵਿਅਕਤ ਕਰਦੀ ਹੈ, ਇਹ ਕਹਿੰਦੇ ਹੋਏ ਕਿ "ਉਹ ਸਮੁੰਦਰਾਂ ਦੀ ਵਾਫ਼ਰੀ ਤੇ ਦਾਹਵਤ ਕਰਨਗੇ।" ਇਸ ਦਾ ਅਰਥ ਇਹ ਹੈ ਕਿ ਉਹ ਸੁਸਤ ਖੜ੍ਹੇ ਹੋ ਕੇ ਆਪਣੇ ਆਪ ਨੂੰ ਸੀਦੋਨ ਦੇ ਲੋਕਾਂ ਦਿਆਂ ਬੇੜਿਆਂ ਤੇ ਉਨ੍ਹਾਂ ਦੁਆਰਾ ਗੁਲਾਮਾਂ ਵਰਗੀ ਮਿਹਨਤ ਮਜ਼ਦੂਰੀ ਕਰਨ ਦੇ ਲਈ ਮਜਬੂਰ ਕੀਤੇ ਜਾਣ ਦੀ ਬਜਾਇ, ਵਪਾਰ ਦੇ ਲਈ ਉਨ੍ਹਾਂ ਦੇ ਮੌਕਿਆਂ ਦਾ ਫਾਇਦਾ ਉਠਾਉਣਗੇ। ਸ਼ਕਤੀਸ਼ਾਲੀ ਵਪਾਰੀਆਂ ਵਜੋਂ, ਉਹ ਉਨ੍ਹਾਂ ਦੇ ਆਪਣੇ ਭਵਿੱਖ ਨੂੰ ਵੱਸ ਵਿਚ ਕਰਨਗੇ ਅਤੇ ਚੰਗੀਆਂ ਵਸਤਾਂ ਦੀ ਵਾਫ਼ਰੀ ਜਾਂ ਭਰਪੂਰੀ ਦਾ ਅਨੰਦ ਮਾਣਨਗੇ ਜੋ ਉਨ੍ਹਾਂ ਨੂੰ ਸਮੁੰਦਰ ਵਿੱਚੋਂ ਮਿਲੀਆਂ ਸਨ।

ਦੂਜੇ ਹਵਾਲੇ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਜ਼ਬੂਲੁਨ ਦੇ ਮਨੁੱਖ ਤਕੜੇ ਅਤੇ ਦਿਲੇਰ ਸੂਰਮੇ ਸਨ। ਉਨ੍ਹਾਂ ਨੇ ਕਨਾਨੀਆਂ ਦੇ ਵਿਰੁੱਧ ਲੜਾਈ ਕਰਕੇ ਆਪਣੇ ਲਈ ਨਾਮ ਕਮਾਇਆ ਅਤੇ ਦਬੋਰਾਹ ਦੇ ਗੀਤ ਵਿਚ ਉਨ੍ਹਾਂ ਦੀ ਉਨ੍ਹਾਂ ਲੋਕਾਂ ਵਜੋਂ ਪ੍ਰਸ਼ੰਸਾ ਕੀਤੀ ਗਈ ਹੈ "ਜਿਨ੍ਹਾਂ ਆਪਣਿਆਂ ਪ੍ਰਾਣਾਂ ਨੂੰ ਤੁੱਛ ਜਾਣਿਆ" (ਨਿਆਈਆਂ 5:18)। ਇਹੋ ਜਿਹੇ ਗੁਣ ਗਿਦਾਊਨ ਦੇ ਸਮੇਂ ਵਿਚ ਵੀ ਵਿਖਾਏ ਗਏ ਸਨ, ਜਦੋਂ – ਯੱਸ਼ਾਕਾਰ ਨਾਲੋਂ ਉਨ੍ਹਾਂ ਦੇ ਭਰਾਵਾਂ ਦੀ ਤੁਲਨਾ ਵਿਚ – ਜਬੂਲੁਨ ਦੇ ਮਨੁੱਖ ਮਿਦਯਾਨੀਆਂ ਨੂੰ ਹਰਾਉਣ ਦੇ ਲਈ ਹੋਰਨਾਂ ਇਸਰਾਏਲੀਆਂ ਨਾਲ ਸ਼ਾਮਲ ਹੋ ਗਏ (ਨਿਆਈਆਂ 6:35)। ਅੰਤ ਵਿਚ, ਜਦੋਂ ਸਾਰੇ ਗੋਤ ਹਬਰੋਨ ਵਿਚ ਇਕ ਸੰਯੁਕਤ ਰਾਜ ਦੇ ਰੂਪ ਵਿਚ ਦਾਊਦ ਕੋਲ ਉਸ ਦੇ ਪ੍ਰਤੀ ਆਪਣੀ ਵਫ਼ਦਾਰੀ ਦਾ ਵਾਅਦਾ ਕਰਨ ਦੇ ਲਈ ਪਹੁੰਚੇ, ਜਬੂਲੁਨ ਦੇ ਗੋਤ ਨੇ ਉਸ ਦੀ ਸੈਨਾ ਵਿਚ ਵੱਡੀ ਗਿਣਤੀ ਵਿਚ ਲੜਾਕੂ ਮਨੁੱਖਾਂ ਨੂੰ ਦੇ ਕੇ ਉਸ ਨੂੰ ਯੋਗਦਾਨ ਦਿੱਤਾ ਸੀ (1 ਇਤਹਾਸ 12:23-40)। ਜਬੂਲੁਨ ਦੇ ਪੰਜਾਹ ਹਜ਼ਾਰ ਯੋਧੇ ਤਜ਼ਰਬੇਕਾਰ ਅਤੇ ਆਪਣੇ ਕੰਮ ਦੇ ਪ੍ਰਤੀ ਸਮਰਪਿਤ ਸਨ ਅਤੇ ਉਹ "ਦੁਚਿੱਤੇ ਨਹੀਂ ਸਨ" (1 ਇਤਹਾਸ 12:33)।

*ਯੱਸ਼ਾਕਾਰ (49:14, 15)*

**ਆਇਤਾਂ 14, 15. ਯੱਸ਼ਾਕਾਰ** ਲੇਆਹ ਦਾ ਪੰਜਵਾਂ ਪੁੱਤਰ ਅਤੇ ਯਾਕੂਬ ਦਾ ਨੌਵਾਂ ਪੁੱਤਰ ਸੀ (30:14-18)। ਇਹ ਗੋਤ ਉਸ ਵਿੱਚੋਂ ਨਿੱਕਲਿਆ ਸੀ ਅਤੇ ਨਿਆਈਆਂ ਵਿਚ ਇਸ ਨੂੰ ਸਭ ਤੋਂ ਜ਼ਿਆਦਾ ਨਜ਼ਰਅੰਦਾਜ਼ ਕੀਤਾ ਗਿਆ ਹੈ। ਗੋਤਾਂ ਦੀ ਲਿਖਤ ਅਤੇ ਕਨਾਨੀਆਂ ਵਿਰੁੱਧ ਉਨ੍ਹਾਂ ਦੀ ਲੜਾਈਆਂ ਵਿਚ (ਨਿਆਈਆਂ 1), ਯੱਸ਼ਾਕਾਰ ਦਾ ਜ਼ਿਕਰ ਤੱਕ ਵੀ ਨਹੀਂ ਕੀਤਾ ਗਿਆ। ਫਿਰ

ਵੀ, ਸਾਨੂੰ ਯੱਸ਼ਾਕਾਰ ਦੇ ਮਨੁੱਖਾਂ ਦਾ ਇਕ ਹਵਾਲਾ ਮਿਲਦਾ ਹੈ ਜਦੋਂ ਉਹ ਸੀਸਰਾ ਅਤੇ ਉਸ ਦੀ ਸੈਨਾ ਦੇ ਵਿਰੁੱਧ ਲੜਾਈ ਵਿਚ ਦਬੋਰਾਹ ਅਤੇ ਬਾਰਾਕ ਦੇ ਨਾਲ ਸਨ (ਨਿਆਈਆਂ 5:15)। ਉਸ ਮੌਕੇ ਤੇ ਪਰਮੇਸ਼ੁਰ ਨੇ ਕੀਸ਼ੋਨ ਨਦੀ ਦੀ ਵਾਦੀ ਵਿਚ ਹੜ੍ਹ ਲੈ ਆਂਦਾ ਅਤੇ ਕਨਾਨੀਆਂ ਨੂੰ ਉਨ੍ਹਾਂ ਦੀਆਂ ਨੌਂ ਸੌ ਲੋਹੇ ਦੀਆਂ ਰੱਥਾਂ ਨੂੰ ਛੱਡ ਕੇ ਭੱਜਣ ਦੇ ਲਈ ਮਜਬੂਰ ਕਰ ਦਿੱਤਾ। ਫਿਰ ਸੀਸਰਾ ਦੀ ਸੈਨਾ ਇਸਰਾਏਲੀਆਂ ਕੋਲੋਂ ਅਸਾਨੀ ਨਾਲ ਹਾਰ ਗਈ (ਨਿਆਈਆਂ 4:1-5:31), ਪਰ ਲਿਖਤ ਯੱਸ਼ਾਕਾਰ ਦੇ ਮਨੁੱਖਾਂ ਨੇ ਉਸ ਜਿੱਤ ਵਿਚ ਕੀ ਯੋਗਦਾਨ ਦਿੱਤਾ ਸੀ ਉਸ ਸੰਬੰਧ ਵਿਚ ਖਾਮੋਸ਼ ਹੈ।

ਨਿਆਈਆਂ ਦੇ ਅਨੁਸਾਰ, ਯੱਸ਼ਾਕਾਰ ਦੇ ਮਨੁੱਖ ਨੇ ਮਿਦਯਾਨੀਆਂ, ਅਮਾਲੇਕੀਆਂ ਅਤੇ ਪੂਰਬ ਦੇ ਪੁੱਤਰਾਂ ਵਿਰੁੱਧ ਗਿਦਾਊਨ ਦੀ ਲੜਾਈ ਵਿਚ ਬਿਲਕੁਲ ਵੀ ਹਿੱਸਾ ਨਹੀਂ ਸੀ ਲਿਆ। ਇਨ੍ਹਾਂ ਹਮਲਾਵਰਾਂ ਨੇ ਯਰਦਨ ਨਦੀ ਪਾਰ ਕੀਤੀ ਅਤੇ ਯਜ਼ਰਾਏਲ ਦੀ ਦੂਣ ਵਿਚ ਯੱਸ਼ਾਕਾਰ ਦੇ ਕਬੀਲੀ ਇਲਾਏ ਤੇ ਹਮਲਾ ਕਰ ਦਿੱਤਾ (ਨਿਆਈਆਂ 6:33; ਵੇਖੋ ਯਹੋਸ਼ੁਆ 19:17-23); ਫਿਰ ਵੀ, ਉਨ੍ਹਾਂ ਦੇ ਦੁਸ਼ਮਣਾਂ ਦੁਆਰਾ ਇਸ ਆਕਰਮਣ ਨੂੰ ਰੋਕਣ ਦੀ ਬਜਾਇ, ਲੱਗਦਾ ਹੈ ਕਿ ਉਨ੍ਹਾਂ ਨੇ ਉਨ੍ਹਾਂ ਦੇ ਅੱਗੇ ਹਾਰ ਮੰਨ ਲਈ। ਇਸ ਲਈ, ਜਦੋਂ ਯਹੋਵਾਹ ਦਾ ਆਤਮਾ ਗਿਦਾਊਨ ਉੱਤੇ ਆਇਆ, ਉਸ ਨੇ ਮਨੁੱਖਾਂ ਨੂੰ ਲੜਾਈ ਕਰਨ ਦੇ ਲਈ ਪੂਰੇ ਮਨੱਸ਼ਹ, ਆਸ਼ੇਰ, ਜ਼ਬੂਲੁਨ ਅਤੇ ਨਫ਼ਤਾਲੀ ਵਿਚ ਹਲਕਾਰਿਆਂ ਨੂੰ ਘੱਲਿਆ (ਨਿਆਈਆਂ 6:34, 35), ਪਰ ਉਸ ਨੇ ਆਪਣੀ ਜ਼ਮੀਨ ਦਾ ਬਚਾਓ ਕਰਨ ਦੇ ਲਈ ਯੱਸ਼ਾਕਾਰ ਨੂੰ ਬੁਲਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਹਮਲਾਵਰਾਂ ਦਾ ਵਿਰੋਧ ਕਰਨ ਦੀ ਬਜਾਇ, ਇਹ ਗੋਤ ਖੁਸ਼ੀ-ਖੁਸ਼ੀ ਉਨ੍ਹਾਂ ਦੇ ਅੱਗੇ ਅਧੀਨ ਹੋ ਗਿਆ ਅਤੇ ਉਨ੍ਹਾਂ ਦੇ ਗੁਲਾਮ ਬਣ ਗਏ। ਇਹ ਇਤਹਾਸਕ ਜਾਣਕਾਰੀ ਸਾਨੂੰ ਯਾਕੂਬ ਦੀ ਨਬੂਵਤੀ ਬਰਕਤ/ਅਸੀਸ ਨੂੰ ਸਮਝਣ ਵਿਚ ਮਦਦ ਕਰਦੀ ਹੈ ਕਿ ਯੱਸ਼ਾਕਾਰ ਦੀ ਅੰਸ **ਤਕੜਾ ਖੋਤਾ** ਹੋਵੇਗਾ ਪਰ ਇਕ **ਵਿਸਰਾਮ ਦੀ ਥਾਂ** ਜੋ **ਦੇਸ** ਵਿੱਚ **ਚੰਗੀ** ਅਤੇ **ਸੁਹਾਉਣੀ** ਹੈ ਲੱਭ ਕੇ **ਵਾੜਾਂ ਦੇ ਵਿਚਕਾਰ ਛੈਹ ਕੇ ਬਹਿੰਦਾ ਹੈ**। ਇੱਥੇ ਜਿਹੜਾ ਇਬਰਾਨੀ ਸ਼ਬਦ מִשְׁפְּתָיִם (*ਮਿਸਹਪਥਾਯਿਮ)* ਇਕ ਦੋਹਰਾ ਸ਼ਬਦ ਹੈ ਜਿਸ ਦਾ ਅਰਥ ਅਨਿਸ਼ਚਤ ਹੈ। NASB ਬਾਈਬਲ ਵਿਚ ਇਸ ਦਾ ਅਰਥ "ਵਾੜਾਂ" ਹੈ, ਜਦ ਕਿ NEB ਬਾਈਬਲ ਵਿਚ "ਪਸ਼ੂਆਂ ਦਾ ਵਾੜ" ਹੈ। ਇਹ ਅਨੁਵਾਦ 49:14, 15 ਦਾ ਯਰਦਨ ਦੇ ਪੱਛਮ ਵਿਚ ਉਪਜਾਊ ਮੈਦਾਨ ਵਿਚ ਯੱਸ਼ਾਕਾਰ ਦੇ ਲਈ ਇਕ ਵਿਸਰਾਮ ਦੇ ਉਚਿਤ, ਸ਼ਾਂਤੀਪੂਰਣ ਥਾਂ ਦੇ ਹਵਾਲੇ ਵਜੋਂ ਵਿਆਖਿਆ ਕਰਦੇ ਹਨ। ਉਹ 49:15 ਦਾ ਅਰਥ ਇਹ ਪੇਸ਼ ਕਰਦੇ ਹਨ ਕਿ ਇਹ ਗੋਤ ਕਨਾਨੀਆਂ ਦੇ ਅਧੀਨ ਹੋ ਗਿਆ, ਜਿਨ੍ਹਾਂ ਨੇ ਉਨ੍ਹਾਂ ਨੂੰ **ਬੇਗਾਰੀ** [ਗੁਲਾਮੀ] **ਬਣਾਇਆ**।[16]

ਇਸ ਵਿਚਾਰ ਦੇ ਉਲਟ, KJV, NIV, NAB, TEV ਅਤੇ ਹੋਰ ਅਧਿਕਾਰੀਆਂ ਨੇ *ਮਸਹਪਥਾਯਿਮ* ਨੂੰ "ਝੋਲੇ" ਜਾਂ ਹੋਰ "ਬੋਝ" ਦੇ ਹਵਾਲੇ ਦੇ ਰੂਪ ਵਿਚ ਪੇਸ਼ ਜੋ ਇਕ ਖੋਤੇ ਨੂੰ ਚੁੱਕਣਾ ਪੈਂਦਾ ਹੈ। ਯੁੱਧ ਵਿਚ ਲੜਨ ਵਾਲੇ ਘੋੜੇ ਦੇ ਮੁਕਾਬਲੇ ਜਿਹੜਾ ਲੜਾਈ ਵਿਚ ਰੱਥ ਨੂੰ ਖਿੱਚ ਕੇ ਲਿਜਾ ਸਕਦਾ ਹੈ ਜਾਂ ਇਕ ਊਠ ਜਿਸ ਤੇ ਇਕ ਯੋਧਾ ਸਵਾਰ ਹੋ ਕੇ ਆਪਣੇ ਦੁਸ਼ਮਣਾਂ ਤੇ ਹਮਲਾ ਸਕਦਾ ਹੈ, ਖੋਤਾ ਸੁਭਾਅ ਤੋਂ ਬੋਝ ਚੁੱਕਣ ਵਾਲਾ ਜਾਨਵਰ ਹੁੰਦਾ ਹੈ (ਨਿਆਈਆਂ 4:13-16; 6:5)। ਕਿਉਂਕਿ ਇਸ ਇਬਰਾਨੀ ਸ਼ਬਦ ਦੇ ਅਰਥ ਤੇ ਵਿਦਵਾਨਾਂ ਦੁਆਰਾ ਵਾਦ-ਵਿਵਾਦ ਕੀਤਾ ਗਿਆ ਹੈ, ਅਸੀਂ ਇੱਥੇ ਇਸ ਦੇ ਅਰਥ ਬਾਰੇ ਨਿਸ਼ਚਤ ਹੋ ਸਕਦੇ ਹਾਂ। ਘੱਟੋ-ਘੱਟ ਗਿਦਾਊਨ ਦੀ ਲੜਾਈ ਦੇ ਸੰਦਰਭ ਵਿਚ, ਇਹ ਸਾਫ਼ ਪ੍ਰਤੀਤ ਹੁੰਦਾ ਹੈ ਕਿ ਯੱਸ਼ਕਾਰ ਦੇ ਗੋਤ ਨੇ ਖੋਤੇ ਦੀ ਤਰ੍ਹਾਂ ਕੰਮ ਕਰਨਾ ਚੁਣਿਆ ਜਿਹੜਾ ਇਸ ਦੇ ਭਾਰ ਨਾਲ ਲੱਦੇ ਝੋਲਿਆਂ ਵਿਚਕਾਰ ਲੇਟ ਕੇ ਆਪਣੇ ਆਪ ਨੂੰ ਉਨ੍ਹਾਂ ਦੇ ਦੇਸ ਤੇ ਹਮਲਾਵਰਾਂ ਅੱਗੇ ਸਮਰਪਣ ਕਰ ਦਿੰਦਾ ਹੈ। ਉਨ੍ਹਾਂ ਦੇ ਦੁਸ਼ਮਣਾਂ ਵਿਰੁੱਧ ਲੜਨ ਅਤੇ ਵਾਅਦੇ ਦੇ ਦੇਸ ਵਿਚ ਜਿੱਤ ਦੇ ਪਰਮੇਸ਼ੁਰ ਦੇ ਵਾਅਦੇ ਤੇ ਭਰੋਸਾ

ਕਰਨ ਦੀ ਬਜਾਇ, ਉਨ੍ਹਾਂ ਨੇ ਜੀਉਣ ਦੇ ਲਈ ਆਪਣੇ ਆਪ ਅਤੇ ਆਪਣੇ ਜੀਵਨ ਨੂੰ ਉਨ੍ਹਾਂ ਦੇ ਅਧੀਨ ਕਰਨਾ ਚੁਣਿਆ, ਜਿਵੇਂ ਕਿ ਉਹ ਗਠਰੀਆਂ ਵਾਲੇ ਜਾਨਵਰ ਹੋਣ ਜਿਨ੍ਹਾਂ ਨੂੰ ਗੈਰ-ਯਹੂਦੀ ਸਵਾਮੀਆਂ ਦੀ ਸੇਵਾ ਟਹਿਲ ਕਰਨ ਦੇ ਲਈ ਮਜਬੂਰ ਕੀਤਾ ਗਿਆ ਸੀ।

**ਸੁਰੇਤਾਂ ਦੇ ਪੁੱਤਰ (49:16-21)**

**[16]ਦਾਨ ਇਸਰਾਏਲ ਦੇ ਗੋਤਾਂ ਵਿੱਚੋਂ ਇੱਕ ਵਾਂਙੁ ਆਪਣੇ ਲੋਕਾਂ ਦਾ ਨਿਆਉਂ ਕਰੇਗਾ। [17]ਦਾਨ ਮਾਰਗ ਉੱਤੇ ਸੱਪ ਸਗੋਂ ਰਸਤੇ ਵਿੱਚ ਫਨੀਆਰ ਸੱਪ ਹੋਵੇਗਾ ਜਿਹੜਾ ਘੋੜੇ ਦੇ ਸੁੰਮਾਂ ਨੂੰ ਡੰਗ ਮਾਰਦਾ ਹੈ ਤਾਂ ਉਸ ਦਾ ਅਸਵਾਰ ਪਿੱਛੇ ਡਿੱਗ ਪੈਂਦਾ ਹੈ। [18]ਹੇ ਯਹੋਵਾਹ ਮੈਂ ਤੇਰੇ ਛੁਟਕਾਰੇ ਨੂੰ ਉਡੀਕਿਆ ਹੈ। [19]ਗਾਦ ਨੂੰ ਧਾੜਵੀ ਧੱਕਣਗੇ ਪਰ ਉਹ ਉਨ੍ਹਾਂ ਦੀ ਪਿੱਠ ਨੂੰ ਧੱਕੇਗਾ। [20]ਆਸੇਰ ਤੋਂ ਉਸ ਦੀ ਰੋਟੀ ਚਿਕਣੀ ਹੋਵੇਗੀ ਅਤੇ ਉਹ ਪਾਤਸ਼ਾਹੀ ਪਰਸ਼ਾਦ ਦੇਵੇਗਾ। [21]ਨਫਤਾਲੀ ਛੁਟੇਲ ਹਰਨੀ ਹੈ ਜਿਹੜੀ ਸੁੰਦਰ ਸ਼ਬਦ ਦਿੰਦੀ ਹੈ।**

*ਦਾਨ (49:16-18)*

**ਆਇਤ 16.** ਯਾਕੂਬ ਦਾ ਪੰਜਵਾਂ ਪੁੱਤਰ, ਦਾਨ, ਰਾਖੇਲ ਦੀ ਗੋੱਲੀ ਬਿਲਹਾਹ ਦਾ ਪਹਿਲਾ ਪੁੱਤਰ ਸੀ (30:5, 6)। ਉਹ ਸੁਰੀਤਾਂ ਦੇ ਪੁੱਤਰਾਂ ਵਿੱਚੋਂ ਪਹਿਲਾ ਸੀ ਜਿਸ ਨੂੰ ਪੁਰਖੇ ਦੁਆਰਾ ਅਸੀਸ ਦਿੱਤੀ ਗਈ ਸੀ। ਦਾਨ ਨੂੰ ਅਸਲ ਵਿਚ ਦੋ ਹਿੱਸਿਆਂ ਵਿਚ ਅਸੀਸ ਮਿਲੀ ਅਤੇ ਪਹਿਲੇ ਹਿੱਸੇ ਵਿਚ ਸ਼ਬਦਾਂ ਨਾਲ ਜੋੜ ਤੋੜ ਸ਼ਾਮਲ ਸੀ: **ਦਾਨ** [דָּן, *ਦਾਨ]* **ਇਸਰਾਏਲ ਦੇ ਗੋਤਾਂ ਵਿੱਚੋਂ ਇੱਕ ਵਾਂਙੁ ਆਪਣੇ ਲੋਕਾਂ ਦਾ ਨਿਆਉਂ** [דִּין, *ਦਿਨ]* **ਕਰੇਗਾ**। "ਦਾਨ" ਨਾਮ ਦਾ ਅਰਥ ਨਾ ਸਿਰਫ "ਨਿਆਂ ਕਰਨਾ" ਹੈ ਪਰ ਇਸ ਦਾ ਅਰਥ "ਮੁਕੱਦਮਾ ਲੜਨਾ" ਜਾਂ "ਸਹੀ ਸਾਬਤ ਕਰਨਾ।" ਇਹ ਨਾਮ ਰਾਖੇਲ ਦੀ ਮਾਨਸਿਕ ਦਸ਼ਾ ਨੂੰ ਦਰਸਾਉਂਦਾ ਹੈ ਜਦੋਂ ਦਾਨ ਨੇ ਜਨਮ ਲਿਆ ਸੀ। ਉਸ ਨੇ ਉੱਚੀ ਪੁਕਾਰ ਕੇ ਆਖਿਆ, "ਪਰਮੇਸ਼ੁਰ ਨੇ ਮੇਰਾ ਨਿਆਉਂ ਕੀਤਾ ਹੈ" ਅਤੇ ਉਸ ਦਾ ਨਾਉਂ "ਦਾਨ" ਰੱਖਿਆ (30:6)।

ਦਾਨ ਨੇ ਆਪਣੇ ਲੋਕਾਂ ਦਾ ਨਿਆਉਂ ਕਿਵੇਂ ਕੀਤਾ ਸੀ? ਕਿਉਂਕਿ ਪਰਮੇਸ਼ੁਰ ਦਾ ਉਸ ਵਜੋਂ ਵਰਣਨ ਕੀਤਾ ਗਿਆ ਹੈ ਜਿਹੜਾ ਆਪਣੀ ਪਰਜਾ ਇਸਰਾਏਲ ਦਾ ਨਿਆਉਂ ਕਰਦਾ ਹੈ (ਬਿਵਸਥਾ ਸਾਰ 32:36; ਜ਼ਬੂਰ 135:14; ਵੇਖੋ ਜ਼ਬੂਰ 72:2), ਕੁਝ ਲੋਕ ਸੋਚਦੇ ਹਨ ਕਿ ਇੱਥੇ "ਪਰਜਾ" ਇਸਰਾਏਲ ਦੀ ਕੌਮ ਦਾ ਹਵਾਲਾ ਦਿੰਦੀ ਹੈ।[17] ਕਿਉਂਕਿ ਅਸੀਂ ਦਾਨ ਦੇ ਗੋਤ ਨੂੰ ਸਮੁੱਚੀ ਕੌਮ ਦਾ ਨਿਆਉਂ ਕਰਨ ਦੇ ਬਾਰੇ ਕਦੇ ਨਹੀਂ ਪੜ੍ਹਿਆ, ਇਹ ਸਮਝਣਾ ਬਿਹਤਰ ਪ੍ਰਤੀਤ ਹੁੰਦਾ ਹੈ ਕਿ ਇਹ ਨਬੂਵਤ ਉਸ ਦੇ ਆਪਣੇ ਗੋਤ ਦੇ ਲੋਕਾਂ ਤੇ ਲਾਗੂ ਹੁੰਦੀ ਸੀ। ਨਿਆਉਂ ਦਾ ਹਿੱਸਾ ਫਲਿਸਤੀਆਂ ਤੇ ਸਮਸੂਨ ਦੀਆਂ ਜਿੱਤਾਂ ਦੇ ਰਾਹੀਂ ਆਇਆ ਹੋਵੇਗਾ (ਨਿਆਈਆਂ 14-16), ਜਿਸ ਨੇ ਚਾਲੀ ਸਾਲਾਂ ਤੱਕ ਦਾਨ ਦੇ ਗੋਤ ਤੇ ਕਠੋਰ ਰਾਜ ਬਰਕਰਾਰ ਰੱਖਿਆ (ਨਿਆਈਆਂ 13:1)।

**ਆਇਤ 17.** ਯਾਕੂਬ ਨੇ ਫਿਰ **ਦਾਨ** ਦਾ **ਮਾਰਗ ਉੱਤੇ ਸੱਪ** ਦੇ ਰੂਪ ਵਿਚ ਵਰਣਨ ਕੀਤਾ ਜਿਹੜਾ **ਰਸਤੇ ਵਿੱਚ ਫਨੀਆਰ ਸੱਪ** ਵਰਗਾ ਹੋਵੇਗਾ: ਉਹ **ਜਿਹੜਾ ਘੋੜੇ ਦੇ ਸੁੰਮਾਂ ਨੂੰ ਡੰਗ ਮਾਰਦਾ ਹੈ**। ਇਹ ਉਸ ਦੇ ਅਸਵਾਰ ਨੂੰ **ਪਿੱਛੇ** ਡੇਗ ਦੇਵੇਗਾ। ਵਿਦਵਾਨਾਂ ਨੇ ਫਲਿਸਤੀਨ ਵਿਚ ਵੱਖ-ਵੱਖ ਤਰ੍ਹਾਂ ਦੇ ਵੀਹ ਜਹਿਰੀਲੇ ਸੱਪਾਂ ਦੀ ਪਛਾਣ ਕੀਤੀ ਹੈ ਅਤੇ ਉਨ੍ਹਾਂ ਵਿੱਚੋਂ ਇਕ "ਫਨੀਅਰ ਸੱਪ" ਹੈ ਜਿਹੜਾ ਕਿ ਇਕ ਖ਼ਤਰਨਾਕ ਪੀਲਾ ਸੱਪ ਹੈ। ਇਸ ਦੀਆਂ ਅੱਖਾਂ ਉੱਤੇ ਉਭਾਰ ਹੈ ਜੋ ਸਿੰਙਾਂ ਵਰਗਾ ਹੈ ਅਤੇ ਇਹ ਚਟਾਨਾਂ ਵਿਚ ਜਾਂ ਰੇਤ ਦੀਆਂ ਰੁੱਡਾਂ ਵਿਚ ਲੁਕ ਕੇ ਉਨ੍ਹਾਂ ਜਾਨਵਰਾਂ ਜਾਂ ਮਨੁੱਖਾਂ ਨੂੰ ਡੰਗ ਮਾਰਨ ਦੇ ਲਈ ਉਡੀਕ ਕਰਦਾ ਹੈ ਜਿਹੜੇ ਬਿਨਾਂ ਇਸ ਨੂੰ ਵੇਖੇ ਉੱਥੋਂ ਦੀ ਲੰਘਦੇ

ਹਨ। ਕੁਝ ਯਹੂਦੀ ਤਾਰਗੁਮ ਅਤੇ ਮੱਧਕਾਲੀਨ ਯਹੂਦੀ ਕਮੈਂਟਰੀਆਂ ਸਮਸੂਨ ਨੂੰ ਸੱਪ ਦੇ ਰੂਪ ਵਿਚ ਪਛਾਣਦੀਆਂ ਹਨ ਜਿਸ ਨੇ ਫਲਿਸਤੀਆਂ ਨੂੰ ਅਚਾਣਕ ਅਤੇ ਜਾਨਲੇਵਾ ਸ਼ਕਤੀ ਨਾਲ ਮਾਰਿਆ।[18]

ਦਾਨ ਦੇ ਅਚਾਣਕ ਮਾਰਨ ਦਾ ਇਕ ਹੋਰ ਉਦਾਹਰਣ ਲਾਇਸ਼ ਦੇ ਨਾਸ ਦੀ ਬੇਸੁਆਦ ਕਹਾਣੀ ਵਿਚ ਹੈ। ਫਲਿਸਤੀਆਂ ਦੇ ਵਿਰੁੱਧ ਦੇਸ ਦੇ ਦੱਖਣੀ-ਪੱਛਮੀ ਹਿੱਸੇ ਵਿਚ ਆਪਣੇ ਆਪ ਨੂੰ ਕਾਇਮ ਰੱਖਣ ਵਿਚ ਅਸਮਰੱਥ, ਛੇ ਸੌ ਦਾਨੀ ਗੋਤ ਦੇ ਵੱਸਣ ਦੇ ਲਈ ਇਕ ਬਿਹਤਰ ਥਾਂ ਲੱਭਣ ਵਾਸਤੇ ਉੱਤਰ ਵੱਲ ਗਏ। ਉਹ ਕਨਾਨ ਦੇ ਉੱਤਰੀ ਹਿੱਸੇ ਵਿਚ ਲਾਇਸ਼ ਦੇ ਸ਼ਾਂਤੀਪੂਰਣ ਸ਼ਹਿਰ ਵਿਚ ਆਏ ਅਤੇ ਉੱਥੇ, ਇਕ ਸੱਪ ਦੇ ਵਾਂਗ, ਉਨ੍ਹਾਂ ਨੇ ਅਚਾਣਕ ਹਮਲਾ ਕੀਤਾ ਅਤੇ ਸਾਰੀ ਅਬਾਦੀ ਨੂੰ ਵੱਢ ਸੁੱਟਿਆ ਅਤੇ ਸ਼ਹਿਰ ਨੂੰ ਸਾੜ ਦਿੱਤਾ। ਉਸ ਤੋਂ ਬਾਅਦ, ਉਨ੍ਹਾਂ ਨੇ ਮੁੜ ਤੋਂ ਇਕ ਸ਼ਹਿਰ ਬਣਾਇਆ ਅਤੇ ਆਪਣੇ ਪੁਰਖੇ ਅਰਥਾਤ ਯਾਕੂਬ ਦੇ ਪੁੱਤਰ ਦੇ ਨਾਮ ਤੇ ਉਸ ਸ਼ਹਿਰ ਦਾ ਨਾਮ "ਦਾਨ" ਰੱਖਿਆ। ਉਨ੍ਹਾਂ ਨੇ ਇਕ ਉੱਕਰੀ ਹੋਈ ਮੂਰਤ ਢਾਲੀ ਅਤੇ ਇਕ ਨਕਲੀ ਪਰੋਹਤ ਬਣਾਇਆ (ਨਿਆਈਆਂ 18:1-30)। ਉਹ ਤਦ ਤੱਕ ਇੱਥੇ ਹੀ ਰਹੇ ਜਦੋਂ ਤੱਕ 722 ਈ.ਪੂ. ਵਿਚ ਅੱਸ਼ੂਰੀ ਨਹੀਂ ਆਏ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਮੂਰਤੀਪੂਜਾ ਅਤੇ ਪਾਪ ਦੇ ਕਾਰਣ ਗੁਲਾਮੀ ਵਿਚ ਨਹੀਂ ਲੈ ਕੇ ਗਏ।

**ਆਇਤ 18.** ਦਾਨ ਦੇ ਸੰਬੰਧ ਵਿਚ ਆਪਣੀ ਬਰਕਤ ਦੇ ਅੰਤ ਵਿਚ, ਯਾਕੂਬ ਨੇ ਅਚਾਣਕ ਪਰਮੇਸ਼ੁਰ ਦੇ ਅੱਗੇ ਇਕ ਛੋਟੀ ਜਿਹੀ ਪ੍ਰਾਰਥਨਾ ਕੀਤੀ: **ਹੇ ਯਹੋਵਾਹ ਮੈਂ ਤੇਰੇ ਛੁਟਕਾਰੇ ਨੂੰ ਉਡੀਕਿਆ ਹੈ।** ਇਹ ਦੁਹਾਈ ਯਾਕੂਬ ਦੇ ਪ੍ਰਗਟਾਵਿਆਂ ਵਿਚ ਬੇਮਿਸਾਲ ਹੈ। ਕੀ ਇਹ ਦਾਨ ਦੇ ਸਭ ਤੋਂ ਮਹਾਨ ਸੂਰਮੇ ਸਮਸੂਨ ਬਾਰੇ ਇਕ ਨਬੂਵਤ ਸੀ ਜਿਸ ਦਾ ਘਮੰਡ ਉਸ ਨੂੰ ਹਜ਼ਾਰਾਂ ਫਲਿਸਤੀਨੀਆਂ ਦੇ ਨਾਲ ਨਾਸ ਕਰਨ ਤੋਂ ਪਹਿਲਾਂ ਉਸ ਨੂੰ ਨੈਤਿਕ ਅਤੇ ਆਤਮਿਕ ਪਤਨ ਵੱਲ ਲੈ ਕੇ ਜਾਵੇਗਾ? ਸ਼ਾਇਦ ਇਹ ਇਸ ਡਰ ਦਾ ਪ੍ਰਗਟਾਵਾ ਸੀ ਕਿ ਦਾਨ ਦੀ ਅੰਸ ਸ਼ਾਂਤੀਪੂਰਣ ਸ਼ਹਿਰ (ਲਾਇਸ਼) ਦੇ ਵਾਸੀਆਂ ਦੇ ਅੰਨ੍ਹੇਵਾਹ ਕਤਲੇਆਮ ਦੀ ਦੋਸ਼ੀ ਹੋਵੇਗੀ। ਦੇਹਾਂਤ ਤੋਂ ਪਹਿਲਾਂ ਦੀਆਂ ਬਰਕਤਾਂ ਇਹ ਸਬੂਤ ਦਿੰਦੀਆਂ ਹਨ ਕਿ ਯਾਕੂਬ ਇਸ ਬਾਰੇ ਚਿੰਤਤ ਸੀ ਕਿ ਉਸ ਦੇ ਕੁਝ ਪੁੱਤਰਾਂ ਅਤੇ ਉਨ੍ਹਾਂ ਦੀ ਅੰਸ ਦਾ ਭਵਿੱਖ ਵਿਚ ਕੀ ਬਣੇਗਾ। ਜਦੋਂ ਪੁਰਖਾ ਮੌਤ ਦੇ ਨੇੜੇ ਪਹੁੰਚਿਆ, ਤਾਂ ਉਸ ਨੂੰ ਅਤੀਤ ਦੇ ਪਾਪ ਨਜ਼ਰ ਆਉਣ ਲੱਗੇ। ਉਹ ਉਸ ਦੀ ਆਪਣੀ ਅਤੇ ਆਪਣੇ ਪੁੱਤਰਾਂ ਦੀ ਨਿਰਬਲਤਾ ਤੋਂ ਜਾਣੂ ਸੀ; ਉਹ ਜਾਣਦਾ ਸੀ ਕਿ ਉਨ੍ਹਾਂ ਸਭਨਾਂ ਨੂੰ ਪਰਮੇਸ਼ੁਰ ਦੀ ਕਿਰਪਾ ਅਤੇ ਮੁਕਤੀ ਦੀ ਲੋੜ ਸੀ।

*ਗਾਦ (49:19)*

**ਆਇਤ 19. ਗਾਦ** ਲੇਆਹ ਦੀ ਗੋੱਲੀ ਜਿਲਫਾਹ ਦਾ ਪਹਿਲਾ ਪੁੱਤਰ ਅਤੇ ਯਾਕੂਬ ਦਾ ਸਤਵਾਂ ਪੁੱਤਰ ਸੀ (30:10, 11)। ਇਸ ਆਇਤ ਵਿਚ ਉਸ ਦੇ ਬਾਰੇ ਕਹੀ ਗਈ ਛੋਟੀ ਜਿਹੀ ਗੱਲ ਦੇ ਇਬਰਾਨੀ ਵਿਚ ਸਿਰਫ ਛੇ ਸ਼ਬਦ ਹਨ ਅਤੇ ਉਨ੍ਹਾਂ ਵਿੱਚੋਂ ਤਿੰਨ "ਗਾਦ" ਨਾਮ ਦੇ ਸ਼ਬਦਾਂ ਦਾ ਮਜਾਕ ਉਡਾਉਣਾ ਹੈ। ਇਬਰਾਨੀ ਸ਼ਬਦ גד (*ਗਾਦ)* ਦੀ ਵਰਤੋਂ ਕਰਕੇ ਅਤੇ ਉਨ੍ਹਾਂ ਨਾਲ ਹੋਰ ਅੱਖਰ ਜੋੜ ਕੇ, ਲੇਖਕ ਨੇ "ਧਾੜ" ਦੇ ਲਈ ਵੱਖ-ਵੱਖ ਸ਼ਬਦ ਲਿਖੇ: **ਗਾਦ ਨੂੰ *ਧਾੜਵੀ ਧੱਕਣਗੇ* ਪਰ ਉਹ ਉਨ੍ਹਾਂ ਦੀ ਪਿੱਠ ਨੂੰ *ਧੱਕੇਗਾ*** (ਜ਼ੋਰ ਦਿੱਤਾ ਗਿਆ ਹੈ)। NIV ਬਾਈਬਲ ਕਹਿੰਦੀ ਹੈ, "*ਧਾੜਵੀਆਂ ਦੀ ਟੋਲੀ* ਗਾਦ ਤੇ *ਹਮਲਾ ਕਰੇਗੀ,* ਪਰ ਉਹ ਉਨ੍ਹਾਂ ਦੀ ਪਿੱਠ ਤੇ *ਹਮਲਾ ਕਰੇਗਾ"* (ਜ਼ੋਰ ਦਿੱਤਾ ਗਿਆ ਹੈ)।

ਗਾਦ ਦਾ ਗੋਤ ਯਰਦਨ ਦੇ ਚੜ੍ਹਦੇ ਪਾਸੇ, ਕਨਾਨ ਦੇ ਰਵਾਇਤੀ ਦੇਸ ਦੇ ਬਾਹਰ, ਵੱਸ ਗਿਆ। ਕਿਉਂਕਿ ਉਨ੍ਹਾਂ ਕੋਲ ਉਨ੍ਹਾਂ ਨੂੰ ਉਨ੍ਹਾਂ ਵੈਰੀਆਂ ਤੋਂ ਵੱਖ ਕਰਨ ਦੇ ਲਈ ਕੋਈ ਸੁਭਾਵਕ ਸਰਹੱਦ ਨਹੀਂ ਸੀ ਜਿਹੜੇ ਉਨ੍ਹਾਂ ਦੇ ਇਲਾਕੇ ਵਿਚ ਆ ਸਕਦੇ ਸਨ, ਬਹੁਤ ਹੀ ਮੁਸ਼ਕਲਾਂ ਨਾਲ

ਉਨ੍ਹਾਂ ਨੇ ਆਪਣੀ ਕਬੀਲੀ ਮਿਲਖ ਨੂੰ ਬਰਕਰਾਰ ਰੱਖਿਆ ਸੀ। ਉਹ ਦੱਖਣ ਵੱਲੋਂ ਮੋਆਬੀਆਂ ਨਾਲ, ਪੂਰਬ ਵੱਲੋਂ ਅਮੋਨੀਆਂ ਅਤੇ ਉੱਤਰ-ਪੂਰਬ ਵੱਲੋਂ ਅਰਾਮੀਆਂ ਨਾਲ ਘਿਰੇ ਹੋਏ ਸਨ। ਗਾਦ ਦਾ ਮੋਆਬੀ ਪੱਥਰ (ਨੌਵੀਂ ਸਦੀ ਈ.ਪੂ. ਵਿੱਚੋਂ) ਤੇ ਜ਼ਿਕਰ ਕੀਤਾ ਗਿਆ ਹੈ, ਜਿੱਥੇ ਮੋਆਬ ਦੇ ਪਾਤਸ਼ਾਹ, ਮੇਸ਼ਾ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਗਾਦ ਦੇ ਸ਼ਹਿਰ ਅਟਾਰੋਥ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਸੀ ਅਤੇ ਇਸ ਦੇ ਸਾਰੇ ਵਾਸੀਆਂ ਨੂੰ ਵੱਢ ਸੁੱਟਿਆ ਸੀ। ਇਸ ਕਤਲੇਆਮ ਦੇ ਲਈ ਉਸ ਨੇ ਜੋ ਕਾਰਣ ਦਿੱਤਾ ਸੀ ਉਹ ਇਸ ਸੀ ਕਿ ਇਹ ਉਸ ਦੇ ਕਮੋਸ਼ ਦੇਵਤੇ ਅਤੇ ਮੋਆਬੀ ਲੋਕਾਂ ਨੂੰ ਸੰਤੁਸ਼ਟ ਕਰੇਗਾ।[19] ਕਿਉਂਕਿ ਗਾਦ ਇਕ ਛੋਟਾ ਗੋਤ ਸੀ, ਉਨ੍ਹਾਂ ਨੂੰ ਉਨ੍ਹਾਂ "ਧਾੜਵੀਆਂ" ਤੋਂ ਬਚਣ ਦੇ ਲਈ ਜਿਹੜੇ ਉਨ੍ਹਾਂ ਤੇ "ਹਮਲਾ" ਕਰਨਗੇ ਨਿਪੁੰਨ ਜੋਧੇ ਬਣਨਾ ਪੈਣਾ ਸੀ (1 ਇਤਹਾਸ 12:8)। ਮੂਸਾ ਦੀ ਬਰਕਤ ਵਿਚ, ਉਨ੍ਹਾਂ ਦਾ ਇਕ ਸ਼ੇਰਨੀ ਵਰਗੇ ਖੂੰਖਾਰ ਜਾਨਵਰ ਦੇ ਰੂਪ ਵਿਚ ਵਰਣਨ ਕੀਤਾ ਗਿਆ ਹੈ (ਬਿਵਸਥਾ ਸਾਰ 33:20, 21)। ਉਨ੍ਹਾਂ ਦੀ ਮੁਢਲੀ ਚਾਲ ਚਾਲਬਾਜ਼ੀ ਅਤੇ ਪਿੱਛੋਂ ਅਚਾਣਕ ਹਮਲਾ ਕਰਨਾ ਸੀ ਅਤੇ ਇਸੇ ਕਰਕੇ ਯਾਕੂਬ ਦੀ ਨਬੂਵਤ ਕਹਿੰਦੀ ਸੀ ਕਿ ਉਹ ਉਨ੍ਹਾਂ ਦੇ ਵੈਰੀਆਂ ਦੀ "ਪਿੱਠ ਤੇ ਹਮਲਾ" ਕਰਨਗੇ।

*ਆਸ਼ੇਰ (49:20)*

**ਆਇਤ 20. ਆਸ਼ੇਰ** ਯਾਕੂਬ ਦਾ ਅਠਵਾਂ ਜਿਲਫਾਹ ਤੋਂ ਜਨਮ ਲੈਣ ਵਾਲਾ ਦੂਜਾ ਪੁੱਤਰ ਸੀ। ਲੇਆਹ ਨੇ ਉਸ ਦਾ ਨਾਮ "ਆਸ਼ੇਰ" ("ਸੁਖੀ") ਰੱਖਿਆ ਸੀ ਕਿਉਂਕਿ ਉਹ ਬਹੁਤ ਜ਼ਿਆਦਾ ਅਨੰਦ ਹੋਈ ਸੀ ਕਿ ਉਸ ਦੀ ਗੋੱਲੀ ਨੇ ਯਾਕੂਬ ਨੂੰ ਇਕ ਹੋਰ ਪੁੱਤਰ ਦਿੱਤਾ ਸੀ (30:12, 13)। ਯਾਕੂਬ ਨੇ ਮਰਨ ਤੋਂ ਪਹਿਲਾਂ ਉਸ ਦੇ ਬਾਰੇ ਨਬੂਵਤ ਕਰਕੇ ਆਖਿਆ ਸੀ ਕਿ **ਉਹ ਪਾਤਸ਼ਾਹੀ ਪਰਸ਼ਾਦ ਦੇਵੇਗਾ।** ਇਸ ਦਾ ਅਰਥ ਇਹ ਸੀ ਕਿ ਉਸ ਦਾ ਵੰਸ਼ ਇਕ ਅਜਿਹਾ ਗੋਤ ਬਣੇਗਾ ਜੋ ਬਹੁਤ ਜ਼ਿਆਦਾ ਬਰਕਤ ਪਾਇਆ ਹੋਵੇਗਾ; ਕਨਾਨ ਵਿਚ ਉਨ੍ਹਾਂ ਦਾ ਹਿੱਸਾ ਉੱਤਰੀ-ਪੱਛਮੀ ਗਲੀਲ ਵਿਚ ਜ਼ਮੀਨ ਦਾ ਉਹ ਉਪਜਾਊ ਹਿੱਸਾ ਹੋਵੇਗਾ ਜੋ ਭੂਮੱਧ ਸਾਗਰ ਨੂੰ ਲਹਿੰਦਾ ਹੋਵੇਗਾ। ਮੂਸਾ ਦੀ ਬਰਕਤ ਨੇ ਆਸੇਰ ਦਾ ਉਸ ਵਿਅਕਤੀ ਦੇ ਰੂਪ ਵਿਚ ਵਰਣਨ ਕੀਤਾ ਜਿਹੜਾ "ਆਪਣੇ ਭਰਾਵਾਂ ਨੂੰ ਭਾਵੇਗਾ।" ਉਹ "ਆਪਣਾ ਪੈਰ [ਜੈਤੂਨ ਦੇ] ਤੇਲ ਵਿੱਚ ਡੁਬੋਏਗਾ" ਜਿਸ ਦਾ ਅਰਥ ਇਹ ਹੈ ਕਿ ਉਹ ਵੱਡੀ ਖੁਸ਼ੀ ਦਾ ਅਨੰਦ ਮਾਣੇਗਾ ਅਤੇ "ਅਰਾਮ ਨਾਲ" ਚੱਲੇ ਫਿਰੇਗਾ (ਬਿਵਸਥਾ ਸਾਰ 33:24, 25)।

ਸਮੇਂ ਦੇ ਨਾਲ, ਆਸ਼ੇਰ ਦੀ ਅੰਸ ਦਾ ਬਾਈਬਲ ਦੀ ਲਿਖਤ ਵਿਚ ਬਹੁਤ ਹੀ ਵੱਖਰੇ ਢੰਗ ਨਾਲ ਮੁਲਾਂਕਣ ਕੀਤਾ ਗਿਆ ਸੀ। ਉਨ੍ਹਾਂ ਦੇ ਸੁਖੀ ਅਤੇ ਖੁਸ਼ਹਾਲ ਜੀਵਨ ਦਾ ਕਾਲਾ ਪਹਿਲੂ ਵੀ ਸੀ, ਜਿਹੜਾ ਪਰਮੇਸ਼ੁਰ ਦੇ ਲੋਕਾਂ ਦੇ ਲਈ ਆਤਮਿਕ ਅਤੇ ਰਾਜਨੀਤਿਕ ਮੁਸ਼ਕਲਾਂ ਦਾ ਸਬੱਬ ਬਣਿਆ। ਨਿਆਈਆਂ ਦੀ ਪੁਸਤਕ ਦੇ ਲੇਖਕ ਨੇ ਆਸ਼ੇਰ ਦੇ ਗੋਤ ਦੇ ਬਾਰੇ ਅਪਮਾਨਜਨਕ ਢੰਗ ਨਾਲ ਗੱਲ ਕੀਤੀ ਸੀ, ਇਹ ਜ਼ੋਰ ਦਿੰਦੇ ਹੋਏ ਕਿ ਉਹ "ਕਨਾਨੀਆਂ ਵਿੱਚ ਵੱਸੇ" ਅਤੇ "ਓਹਨਾਂ ਨੂੰ ਕੱਢ ਨਾ ਦਿੱਤਾ" (ਨਿਆਈਆਂ 1:32)। ਉਸ ਨੇ ਕਨਾਨੀ ਬੰਦਰਗਾਹਾਂ ਤੋਂ ਇਲਾਵਾ ਕੁਝ ਮਹੱਤਵਪੂਰਣ ਕਨਾਨੀ ਸ਼ਹਿਰਾਂ ਦਾ ਵੀ ਜ਼ਿਕਰ ਕੀਤਾ ਸੀ, ਜਿਹੜੇ ਸ਼ਾਇਦ ਆਸ਼ੇਰ ਦੀ ਕੁਝ ਪੈਦਾਵਾਰ ਦੇ ਲਈ ਨਿਰਯਾਤ ਕੇਂਦਰ ਬਣੇ। ਪ੍ਰਤੀਤ ਹੁੰਦਾ ਹੈ ਕਿ ਯਾਕੂਬ ਦੀ ਅੰਸ ਨੈਤਿਕ ਅਤੇ ਆਤਮਿਕ ਸਮਝੌਤਿਆਂ ਦੀ ਬਜਾਇ ਜੋ ਲਾਜ਼ਮੀ ਤੌਰ ਤੇ ਕਰਨੇ ਜ਼ਰੂਸੀ ਸਨ ਪਰਦੇਸੀਆਂ ਨਾਲ ਸਫ਼ਲ ਵਪਾਰ ਨੂੰ ਬਰਕਰਾਰ ਰੱਖਣ ਦੇ ਬਾਰੇ ਜ਼ਿਆਦਾ ਚਿੰਤਤ ਸੀ। ਦਬੋਰਾਹ ਦੇ ਗੀਤ ਨੇ ਆਸ਼ੇਰ ਦੇ ਮਨੁੱਖਾਂ ਦੀ ਉਨ੍ਹਾਂ ਦੀ ਸੁਸਤ ਨਿਰਪੱਖਤਾ ਦੇ ਲਈ ਨਿੰਦਾ ਕੀਤੀ ਸੀ। ਉਨ੍ਹਾਂ ਨੂੰ ਇਫ਼ਰਾਈਮ ਦੇ ਘਬਰਾਏ ਹੋਏ ਗੋਤ ਦੀ ਮਦਦ ਕਰਨੀ ਚਾਹੀਦੀ ਸੀ ਜਦੋਂ ਸੀਸਰਾ ਦੀ ਕਨਾਨੀ ਸੈਨਾ ਦੁਆਰਾ ਉਨ੍ਹਾਂ ਤੇ ਹਮਲਾ ਕੀਤਾ ਗਿਆ ਸੀ (ਨਿਆਈਆਂ 4:13; 5:17)।

ਆਸ਼ੇਰ ਬਾਰੇ ਯਾਕੂਬ ਦੀ ਨਬੂਵਤ ਦੋ ਧਾਰੀ ਤਲਵਾਰ ਸੀ: ਇਹ ਇਕ ਬਰਕਤ ਸੀ ਕਿ ਉਹ ਵਧੀਆ ਭੋਜਨ ਦਾ ਅਨੰਦ ਮਾਣਨਗੇ; ਉਨ੍ਹਾਂ ਦਾ **ਪਾਤਸ਼ਾਹੀ ਪਰਸ਼ਾਦ** ਇਕ ਸਰਾਪ ਬਣਿਆ। ਇਸ ਵਾਕ ਦਾ ਅਰਥ ਸੀ ਕਨਾਨੀਆਂ ਦੇ ਸਥਾਨਕ ਰਾਜਿਆਂ ਅਤੇ ਅੱਕੋ ਅਤੇ ਸੀਦੋਨ ਵਰਗੇ ਵਿਦੇਸ਼ੀ ਬੰਦਰਗਾਹ ਸ਼ਹਿਰੀ-ਰਾਜਾਂ ਨਾਲ ਸਫ਼ਲ ਵਪਾਰ ਸੀ (ਨਿਆਈਆਂ 1:31)। ਅਸਲ ਵਿਚ, ਆਸ਼ੇਰ ਦੀ ਅੰਸ ਨੇ ਉਨ੍ਹਾਂ ਦੀਆਂ ਪਰਮੇਸ਼ੁਰ ਦੁਆਰਾ ਦਿੱਤੀਆਂ ਗਈਆਂ ਬਰਕਤਾਂ ਨੂੰ ਨਾ ਸਿਰਫ ਆਪਣੇ ਆਪ ਨੂੰ ਅਮੀਰ ਬਣਾਉਣ ਦੇ ਲਈ, ਪਰ ਗੈਰ-ਯਹੂਦੀ ਹਕੂਮਤਾਂ ਨੂੰ ਸੰਭਾਲਣ ਅਤੇ ਮਜ਼ਬੂਤ ਬਣਾਉਣ ਦੇ ਲਈ ਵੀ ਇਸਤੇਮਾਲ ਕੀਤਾ।

*ਨਫਤਾਲੀ (49:21)*

**ਆਇਤ 21. ਨਫਤਾਲੀ** ਦੂਜਾ ਪੁੱਤਰ ਸੀ ਜੋ ਰਾਖੇਲ ਦੀ ਗੋੱਲੀ ਬਿਲਹਾਹ ਤੋਂ ਜੰਮਿਆ ਸੀ (30:7, 8)। ਯਾਕੂਬ ਦੀ ਅਸੀਸ ਦੇ ਸ਼ਬਦਾਂ ਨੂੰ ਸਦੀਆਂ ਤੋਂ ਵੱਖ-ਵੱਖ ਤਰੀਕਿਆਂ ਨਾਲ ਸਮਝਿਆ ਗਿਆ ਹੈ। LXX ਅਤੇ ਅਰਾਮਾਇਕ ਟਾਰਗੁਮਸ MT (ਲਗਭਗ 800 ਈਸਵੀ ਵਿਚ ਪੇਸ਼ ਕੀਤਾ ਗਿਆ ਸੀ) ਤੋਂ ਵੱਖਰਾ ਹੈ। ਵਿਕਟਰ ਪੀ. ਹੈਮਿਲਟਨ ਨੇ ਆਇਤ 21 ਦੀਆਂ ਛੇ ਮੁੱਖ ਵਿਆਖਿਆਵਾਂ ਦਿੱਤੀਆਂ ਹਨ; ਇਨ੍ਹਾਂ ਵਿੱਚੋਂ ਪੰਜ ਨਫਤਾਲੀ ਦੇ ਗੋਤ ਬਾਰੇ ਸਕਾਰਾਤਮਕ ਮੁਲਾਂਕਣ ਹਨ, ਜਦ ਕਿ ਇਕ ਨਕਾਰਾਤਮਕ ਹੈ।[20] ਹਾਲਾਂਕਿ ਕੋਈ ਵੀ ਇਹ ਨਿਸ਼ਚਤ ਤੌਰ ਤੇ ਨਹੀਂ ਕਹਿ ਸਕਦਾ ਕਿ ਬੁੱਢਾ ਪੁਰਖਾ ਕੀ ਨਬੂਵਤ ਕਰ ਰਿਹਾ ਸੀ, ਬਾਕੀਆਂ ਨਾਲੋਂ ਦੋ ਵਿਕਲਪ ਜ਼ਿਆਦਾ ਸੰਭਵ ਪ੍ਰਤੀਤ ਹੁੰਦੇ ਹਨ। ਪਹਿਲਾ NASB ਬਾਈਬਲ ਵਿਚ ਵਰਤਿਆ ਗਿਆ ਹੈ: **ਨਫਤਾਲੀ ਛੁਟੇਲ ਹਰਨੀ ਹੈ ਜਿਹੜੀ ਸੁੰਦਰ ਸ਼ਬਦ ਦਿੰਦੀ ਹੈ।** ਦੂਜਾ ਵਿਕਲਪ NIV ਬਾਈਬਲ ਵਿਚ ਆਉਂਦਾ ਹੈ: "ਨਫਤਾਲੀ ਛੁਟੇਲ ਹਰਨੀ ਹੈ ਜਿਹੜੀ ਸੁੰਦਰ ਬੱਚੇ ਦਿੰਦੀ ਹੈ।"

ਆਇਤ ਦਾ ਪਹਿਲਾ ਹਿੱਸਾ ਅਸਲ ਵਿਚ ਦੋਵਾਂ ਅਨੁਵਾਦਾਂ ਵਿਚ ਇੱਕੋ ਜਿਹਾ ਹੈ, ਨਫਤਾਲੀ ਦੀ ਇਕ ਹਿਰਨੀ ਨਾਲ ਤੁਲਨਾ ਕਰਦਾ ਹੈ ਜਿਹੜੀ "ਛੁਟੇਲ" ਜਾਂ "ਅਜ਼ਾਦ" ਹੈ। NASB ਬਾਈਬਲ ਵਿਚ ਆਇਤ ਦਾ ਦੂਜਾ ਹਿੱਸਾ ਕਹਿੰਦਾ ਹੈ, "ਉਹ ਸੁੰਦਰ ਸ਼ਬਦ ਦਿੰਦੀ ਹੈ"; ਇਹ ਨਫਤਾਲੀ ਤੋਂ ਇਕ ਹਰਨੀ ਦੀ ਤੁਲਨਾ ਤੋਂ ਚਲਾਣਾ ਹੈ, ਕਿਉਂਕਿ ਹਰਨੀ "ਸੁੰਦਰ ਸ਼ਬਦ" ਨਹੀਂ ਬੋਲ ਸਕਦੀ। ਫਿਰ ਵੀ, ਇਹ ਕਹਿਣਾ ਉਦਾਹਰਣ ਅਨੁਸਾਰ ਹੈ ਕਿ ਉਹ "ਸੁੰਦਰ ਬੱਚਿਆਂ ਨੂੰ ਜਨਮ ਦਿੰਦੀ ਹੈ" (NIV; ਵੇਖੋ NRSV)। "ਛੁਟੇਲ ਹਰਨੀ" ਦਾ ਪ੍ਰਤੀਕ ਉਸ ਅਜ਼ਾਦੀ ਅਤੇ ਸੁੰਤਤਰਤਾ ਦਾ ਹਵਾਲਾ ਦਿੰਦਾ ਜਾਪਦਾ ਹੈ ਜਿਸ ਦਾ ਨਫਤਾਲੀ ਦਾ ਗੋਤ ਗਲੀਲ ਦੀ ਝੀਲ ਦੇ ਉੱਤਰ ਅਤੇ ਪੱਛਮ ਵਿਚ ਘੱਟ ਅਬਾਦੀ ਵਾਲੇ ਇਲਾਕੇ ਵਿਚ ਅਨੰਦ ਮਾਣੇਗਾ। ਕਿਉਂਕਿ ਉਨ੍ਹਾਂ ਨੂੰ ਉਨ੍ਹਾਂ ਦੇ ਕਬੀਲੀ ਇਲਾਕੇ ਵਿਚ ਗੈਰ-ਯਹੂਦੀ ਵਾਸੀਆਂ ਵੱਲੋਂ ਘੱਟ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਸੀ, ਉਹ ਉਸ ਤਰੀਕੇ ਨਾਲ ਗਿਣਤੀ ਵਿਚ ਵਧੇ ਸਨ ਜਿਵੇਂ ਇਕ ਅਜ਼ਾਦ ਹਰਨੀ ਵਧਦੀ ਸੀ।

ਪੁਰਾਣੇ ਨੇਮ ਦੇ ਦੂਜੇ ਹਵਾਲਿਆਂ ਵਿਚ, ਨਫਤਾਲੀ ਦਾ ਗੋਤ "ਸੁੰਦਰ ਸ਼ਬਦ ਬੋਲਣ" ਦੇ ਲਈ ਨਹੀਂ, ਪਰ ਨਿਰਣਾਇਕ ਕੰਮ ਕਰਨ ਦੇ ਲਈ ਜਾਣਿਆ ਜਾਂਦਾ ਸੀ। ਉਨ੍ਹਾਂ ਨੇ, ਜ਼ਬੂਲੁਨ ਦੇ ਗੋਤ ਨਾਲ ਮਿਲ ਕੇ, ਉਸ ਵੱਡੀ ਫੌਜ ਜਿਸ ਦੀ ਅਗਵਾਈ ਸੀਸਰਾ ਕਰ ਰਿਹਾ ਸੀ ਜਿਸ ਵਿਚ ਨੌਂ ਸੌ ਰਥ ਲੋਹੇ ਦੇ ਸਨ, ਸਾਹਮਣਾ ਕਰਨ ਦੇ ਲਈ ਦਬੋਰਾਹ ਦੇ ਸੱਦੇ ਦਾ ਜਵਾਬ ਵਾਸਤੇ ਹਜ਼ਾਰਾਂ ਮਨੁੱਖ ਘੱਲੇ (ਨਿਆਈਆਂ 4:3, 6, 10)। ਸੀਸਰਾ ਗਲੀਲ ਵਿਚ ਕਈ ਗੋਤਾਂ ਦੇ ਲਈ ਇਕ ਵੱਡਾ ਖ਼ਤਰਾ ਸੀ, ਪਰ ਨਫਤਾਲੀ ਦੇ ਮਨੁੱਖਾਂ ਨੇ ਉਨ੍ਹਾਂ ਦੇ ਵੱਡੀ ਜਿੱਤ ਪਾਉਣ ਦੇ ਲਈ ਦਬੋਰਾਹ ਅਤੇ ਬਾਰਾਕ ਦੀ ਮਦਦ ਕੀਤੀ। ਫਿਰ ਵੀ, ਉਨ੍ਹਾਂ ਦੇ ਆਪਣੇ ਇਲਾਕੇ ਵਿਚ, ਉਨ੍ਹਾਂ ਨੇ ਆਪਣੇ ਦੋ ਉੱਤਰ-ਪੱਛਮੀ ਸ਼ਹਿਰਾਂ – ਬੈਤ-ਸ਼ਮਸ਼ ਅਤੇ ਬੈਤ-ਅਨਾਥ – ਵਿੱਚੋਂ ਸਾਰੇ ਕਨਾਨੀਆਂ ਨੂੰ ਬਾਹਰ ਨਹੀਂ ਸੀ ਕੱਢਿਆ। ਬਲਕਿ, ਨਫਤਾਲੀ ਦਾ ਗੋਤ, ਇਨ੍ਹਾਂ ਗੈਰ-ਯਹੂਦੀ ਲੋਕਾਂ ਵਿਚ "ਜਾ ਵੱਸਿਆ"

ਅਤੇ ਉਨ੍ਹਾਂ ਨੂੰ “ਬਗਾਰ” ਦਿੱਤੀ (ਨਿਆਈਆਂ 1:33)।

**ਰਾਖੇਲ ਦੇ ਪੁੱਤਰ (49:22-27)**

**22ਯੂਸੁਫ਼ ਇੱਕ ਫਲਦਾਇਕ ਡਾਲ ਹੈ, ਇੱਕ ਫਲਦਾਇਕ ਡਾਲ ਸੋਤੇ ਉੱਤੇ ਜਿਹ ਦੀਆਂ**
**ਟਹਿਣੀਆਂ ਕੰਧ ਉੱਤੋਂ ਦੀ ਚੜ੍ਹ ਜਾਂਦੀਆਂ ਹਨ। 23ਤੀਰ ਅੰਦਾਜ਼ਾਂ ਨੇ ਉਹ ਨੂੰ ਸਤਾਇਆ ਅਤੇ**
**ਤੀਰ ਚਲਾਏ ਤੇ ਉਹ ਦੇ ਨਾਲ ਵੈਰ ਰੱਖਿਆ। 24ਪਰ ਉਹ ਦਾ ਧਣੁਖ ਤਕੜਾ ਰਿਹਾ ਅਤੇ ਉਸ**
**ਦੀਆਂ ਬਾਹਾਂ ਤੇ ਹੱਥ ਬਲਵੰਤ ਹਨ ਯਾਕੂਬ ਦੇ ਸ਼ਕਤੀਮਾਨ ਦੇ ਹੱਥੋਂ। ਉੱਥੋਂ ਹੀ ਅਯਾਲੀ**
**ਅਰਥਾਤ ਇਸਰਾਏਲ ਦਾ ਪੱਥਰ ਹੈ। 25ਤੇਰੇ ਪਿਤਾ ਦੇ ਪਰਮੇਸ਼ੁਰ ਤੋਂ ਜਿਹੜਾ ਤੇਰੀ ਸਹਾਇਤਾ**
**ਕਰੇਗਾ ਅਤੇ ਸਰਬਸ਼ਕਤੀਮਾਨ ਤੋਂ ਜਿਹੜਾ ਤੈਨੂੰ ਬਰਕਤਾਂ ਦੇਵੇਗਾ, ਉੱਪਰੋਂ ਅਕਾਸ਼ ਦੀਆਂ**
**ਬਰਕਤਾਂ, ਹੇਠਾਂ ਪਈਆਂ ਹੋਈਆਂ ਡੂੰਘਿਆਈਆਂ, ਦੀਆਂ ਬਰਕਤਾਂ, ਛਾਤੀਆਂ ਦੇ ਕੁੱਖ ਦੀਆਂ**
**ਬਰਕਤਾਂ, 26ਤੇਰੇ ਪਿਤਾ ਦੀਆਂ ਬਰਕਤਾਂ, ਮੇਰੇ ਪਿਓ ਦਾਦਿਆਂ ਦੀਆਂ ਬਰਕਤਾਂ ਤੋਂ, ਸਗੋਂ**
**ਸਦੀਪਕ ਪਰਬਤਾਂ ਤੇ ਬੰਨਿਆਂ ਤੀਕ ਵਧ ਗਈਆਂ। ਓਹ ਯੂਸੁਫ਼ ਦੇ ਸਿਰ ਉੱਤੇ ਸਗੋਂ ਉਹ ਦੀ**
**ਖੋਪਰੀ ਉੱਤੇ ਹੋਣਗੀਆਂ ਜਿਹੜਾ ਆਪਣੇ ਭਰਾਵਾਂ ਵਿੱਚੋਂ ਸੰਕਲਪ ਕੀਤਾ ਗਿਆ। 27ਬਿਨਯਾਮੀਨ**
**ਪਾੜਨ ਵਾਲਾ ਬਘਿਆੜ ਹੈ। ਸਵੇਰੇ ਉਹ ਸ਼ਿਕਾਰ ਖਾਵੇਗਾ ਅਤੇ ਸੰਝ ਨੂੰ ਲੁੱਟ ਵੰਡੇਗਾ।**

*ਯੂਸੁਫ਼ (49:22-26)*

**ਆਇਤ 22. ਯੂਸੁਫ਼** ਯਾਕੂਬ ਦਾ ਗਿਆਰਵਾਂ ਅਤੇ ਰਾਖੇਲ ਦੁਆਰਾ ਜਨਮ ਲੈਣ ਵਾਲਾ ਪਹਿਲਾ ਪੁੱਤਰ ਸੀ (30:22-24)। ਕਿਉਂਕਿ ਉਹ ਉਸ ਦੇ ਪਿਤਾ ਦਾ ਲਾਡਲਾ ਪੁੱਤਰ ਸੀ (37:3; 45:28; 46:30), ਸਾਨੂੰ ਇਸ ਗੱਲ ਤੋਂ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਇਹ ਯਾਕੂਬ ਦੀਆਂ ਅਸੀਸਾਂ ਵਿੱਚੋਂ ਸਭ ਤੋਂ ਲੰਬੀ ਅਸੀਸ ਸੀ। ਇਹ ਯੂਸੁਫ਼ ਨੂੰ ਇਕ ਰੁੱਖ ਦੀ **ਇੱਕ ਫਲਦਾਇਕ ਡਾਲ** (בֵּן פֹּרָת, *ਬੇਨ ਪੋਰਾਥ)* ਦੇ ਰੂਪ ਵਿਚ ਪਛਾਣਦਿਆਂ ਇਕ ਰੂਪਕ ਕਥਨ ਨਾਲ ਸ਼ੁਰੂ ਹੁੰਦਾ ਹੈ। ਇਸ ਇਬਰਾਨੀ ਸ਼ਬਦ ਦਾ ਸ਼ਾਬਦਿਕ ਤੌਰ ਤੇ ਅਰਥ ਹੈ “ਫਲ ਦੇਣ ਵਾਲੇ (ਰੁੱਖ) ਦਾ ਪੁੱਤਰ।”[21] ਇਬਰਾਨੀ ਜਾਂ ਅਰਾਮੀ ਵਿਚ, “ਦਾ ਪੁੱਤਰ” ਵਰਗੇ ਰੂਪਕ ਦੀ ਵਰਤੋਂ ਕਰਦਿਆਂ ਇਹ ਗੁਣ ਜਾਂ ਚਰਿੱਤਰ ਦੀ ਉੱਤਮਤਾ ਵੱਲ ਇਸ਼ਾਰਾ ਕਰਦਾ ਸੀ। ਨਵੇਂ ਨੇਮ ਦੇ ਸਮਿਆਂ ਵਿਚ ਵੀ ਹਾਲੇ ਤੱਕ ਕੁਝ ਇਸੇ ਤਰ੍ਹਾਂ ਹੀ ਸੀ, ਜਦੋਂ ਬਾਅਦ ਵਿਚ ਯੂਸੁਫ਼ ਨੂੰ “ਬਰਨਬਾਸ” ਕਿਹਾ ਗਿਆ ਜਿਸ ਦਾ ਅਰਾਮੀ ਵਿਚ ਅਰਥ ਹੈ “ਉਪਦੇਸ਼ ਦਾ ਪੁੱਤ੍ਰ” (ਰਸੂਲਾਂ ਦੇ ਕਰਤੱਬ 4:36)। ਇਸ ਤਰ੍ਹਾਂ ਦਾ ਰੂਪਕ ਜ਼ਬੂਰ 80:14, 15 ਵਿਚ ਵੀ ਮਿਲਦਾ ਹੈ, ਜਿਹੜਾ ਪ੍ਰਤੀਕਾਤਮਕ ਰੂਪ ਵਿਚ ਇਸਰਾਏਲ ਦਾ “ਵੇਲ” ਦੇ ਰੂਪ ਵਿਚ ਵਰਣਨ ਕਰਦਾ ਹੈ ਜਿਸ ਨੂੰ ਪਰਮੇਸ਼ੁਰ ਨੇ ਲਾਇਆ ਸੀ। ਸਮੁੱਚੀ ਕੌਮ ਦਾ ਵੀ ਪਰਮੇਸ਼ੁਰ ਦੇ “ਪੁੱਤ੍ਰ” ਦੇ ਰੂਪ ਵਿਚ ਹਵਾਲਾ ਦਿੱਤਾ ਗਿਆ ਸੀ (ਕੂਚ 4:22; ਹੋਸ਼ੇਆ 11:1)।

ਯੂਸੁਫ਼ ਤੇ ਆਪਣੀ ਬਰਕਤ ਨੂੰ ਜਾਰੀ ਰੱਖਦਿਆਂ, ਯਾਕੂਬ ਨੇ ਅੱਗੇ ਉਸ ਦਾ **ਇੱਕ ਫਲਦਾਇਕ ਡਾਲ ਸੋਤੇ** ਵਜੋਂ ਵਰਣਨ ਕੀਤਾ। ਧਰਮੀ ਮਨੁੱਖ ਦਾ ਇਹ ਰੂਪਕ ਜਿਹੜਾ ਪਾਣੀ ਦੀਆਂ ਨਦੀਆਂ ਉੱਤੇ ਲਾਇਆ ਹੋਇਆ ਹੈ ਪੁਰਾਣੇ ਨੇਮ ਵਿਚ ਅਨੇਕ ਥਾਵਾਂ ਤੇ ਮਿਲਦਾ ਹੈ (ਜ਼ਬੂਰਾਂ 1:1-3; 92:12-14; ਯਿਰਮਿਯਾਹ 17:7, 8)।

ਅਗਲੀ ਗੱਲ, ਯਾਕੂਬ ਨੇ ਆਖਿਆ, **ਜਿਹ ਦੀਆਂ ਟਹਿਣੀਆਂ ਕੰਧ ਉੱਤੋਂ ਦੀ ਚੜ੍ਹ ਜਾਂਦੀਆਂ ਹਨ।** ਇਬਰਾਨੀ ਲਿਖਤ ਵਿਚ, ਅਨੁਵਾਦ ਕੀਤਾ ਗਿਆ ਸ਼ਬਦ “ਟਹਿਣੀਆਂ” בָּנוֹת (*ਬਨੋਥ)* ਹੈ, ਜਿਸ ਦਾ ਸ਼ਾਬਦਿਕ ਅਰਥ “ਧੀਆਂ” ਹੈ। ਰੁੱਖ ਦੀਆਂ “ਧੀਆਂ” ਪ੍ਰਤੀਕਾਤਮਕ ਰੂਪ ਵਿਚ ਇਸ

ਦੀਆਂ ਟਹਿਣੀਆਂ ਹਨ, ਹਾਲਾਂਕਿ ਇਹ *ਬਨੋਥ* ਸ਼ਬਦ ਦਾ ਸ਼ਾਬਦਿਕ ਅਰਥ ਨਹੀਂ ਹੈ। ਇਹ ਰੂਪਕ ਇਕ ਅਨੋਖੇ ਰੁੱਖ ਦੇ ਬਾਰੇ ਦੱਸਦਾ ਹੈ ਜਿਹੜਾ ਵੱਧਦਾ ਜਾਂਦਾ ਅਤੇ ਤੇਜ਼ੀ ਨਾਲ ਫੈਲਦਾ ਹੈ ਤਾਂ ਕਿ ਕੋਈ ਇਸ ਨੂੰ ਘੇਰਾ ਨਾ ਪਾ ਸਕੇ।

ਕੁਝ ਲੇਖਕ ਸੋਚਦੇ ਹਨ ਕਿ ਇੱਥੇ ਇਹ ਰੂਪਕ ਯੂਸੁਫ਼ ਦੇ ਪੁੱਤਰ ਇਫ਼ਰਾਈਮ ਦਾ ਹਵਾਲਾ ਦਿੰਦਾ ਹੈ, ਜਿਸ ਦੇ ਨਾਮ ਦਾ ਅਰਥ ਸੀ "ਫਲਦਾਰ" (41:52), ਕਿਉਂਕਿ ਉਹ ਯਾਕੂਬ ਦੀ ਸਭ ਤੋਂ ਜ਼ਿਆਦਾ ਫਲਦਾਇਕ ਸੰਤਾਨ ਬਣੇਗਾ। ਸੰਭਵ ਤੌਰ ਤੇ, ਯਾਕੂਬ – ਜਿਵੇਂ ਕਿ ਉਸ ਨੂੰ ਯੂਸੁਫ਼ ਦੇ ਪੁੱਤਰਾਂ ਦੇ ਸੰਦਰਭ ਵਿਚ ਦਰਸ਼ਨ ਹੋਇਆ ਸੀ (48:3, 4) – ਬੈਤਏਲ ਵਿਚ ਉਸ ਨੂੰ ਹੋਏ ਪਰਮੇਸ਼ੁਰ ਦੇ ਦਰਸ਼ਨ ਅਤੇ ਉਸ ਨੂੰ ਫਲਦਾਇਕ ਅਤੇ ਵਧਾਉਣ ਦੇ ਪਰਮੇਸ਼ੁਰ ਦੇ ਵਾਅਦੇ ਨੂੰ ਚੇਤੇ ਕਰ ਰਿਹਾ ਸੀ (ਵੇਖੋ 35:11)। ਇਸ ਬਰਕਤ ਨੂੰ ਅੱਗੇ ਯੂਸੁਫ਼ ਨੂੰ ਸੌਂਪਣਾ ਉਸ ਦੇ ਲਈ ਇਕ ਸੁਭਾਵਕ ਗੱਲ ਸੀ; ਉਸ ਦੇ ਰਾਹੀਂ, ਇਹ ਉਸ ਦੇ ਦੋਹਾਂ ਪੁੱਤਰਾਂ, ਇਫ਼ਰਾਈਮ ਅਤੇ ਮਨੱਸ਼ਹ ਦੇ ਵੰਸ਼ ਵਿਚ ਪੂਰਾ ਹੋਵੇਗਾ।

**ਆਇਤ 23.** ਯਾਕੂਬ ਦੀ ਬਰਕਤ ਦਾ ਮਿਜ਼ਾਜ ਖੁਸ਼ਹਾਲੀ ਤੋਂ ਖ਼ਤਰੇ ਵਿਚ ਬਦਲ ਗਿਆ ਜਦੋਂ ਉਸ ਨੇ ਉਨ੍ਹਾਂ **ਤੀਰ ਅੰਦਾਜ਼ਾਂ** ਦੀ ਗੱਲ ਕੀਤੀ ਜਿਨ੍ਹਾਂ ਨੇ ਯੂਸੁਫ਼ ਨੂੰ **ਸਤਾਇਆ** ਸੀ। ਉਸ ਨੇ ਆਖਿਆ ਨੇ ਉਨ੍ਹਾਂ ਨੇ ਉਸ ਤੇ ਤੀਰ **ਚਲਾਏ** ਅਤੇ ਹਰ ਪਾਸਿਓਂ **ਉਹ ਨੂੰ ਸਤਾਇਆ**। ਬਾਈਬਲ ਦੇ ਕੁਝ ਵਿਆਖਿਆਕਾਰ ਇਨ੍ਹਾਂ ਸ਼ਬਦਾਂ ਦੀ ਵਿਰੋਧ ਅਤੇ ਯੁੱਧ ਦੀ ਨਬੂਵਤ ਵਜੋਂ ਵਿਆਖਿਆ ਕਰਦੇ ਹਨ ਜਿਨ੍ਹਾਂ ਦਾ ਸਾਹਮਣਾ ਯੂਸੁਫ਼ ਦੀ ਅੰਸ ਵਾਅਦੇ ਦੇ ਦੇਸ ਵਿਚ ਕਰੇਗੀ; ਫਿਰ ਵੀ, ਇਹ ਇਸ ਸੰਦਰਭ ਵਿਚ ਇਹ ਜ਼ਿਆਦਾ ਸੁਭਾਵਕ ਪ੍ਰਤੀਤ ਹੁੰਦਾ ਹੈ ਕਿ ਯਾਕੂਬ ਯੂਸੁਫ਼ ਦੇ ਮੁਢਲੇ ਜੀਵਨ ਦੀ ਪ੍ਰਤੀਕਾਤਮਕ ਭਾਸ਼ਾ ਨੂੰ ਜਾਰੀ ਰੱਖ ਰਿਹਾ ਸੀ (ਵੇਖੋ 49:22)। ਪੁਰਾਣੇ ਨੇਮ ਵਿਚ ਤੀਰਾਂ ਦੀ ਅਲੰਕਾਰਕ ਵਰਤੋਂ ਕਈ ਥਾਵਾਂ ਤੇ ਮਿਲਦੀ ਹੈ। ਪ੍ਰਤੀਕਾਤਮਕ ਰੂਪ ਵਿਚ ਕਿਹਾ ਗਿਆ ਹੈ ਕਿ ਪਰਮੇਸ਼ੁਰ ਨੇ ਦਾਊਦ ਦੇ ਵੈਰੀਆਂ ਤੇ ਤੀਰ ਚਲਾਏ (ਜ਼ਬੂਰ 18:14)। ਉਹ ਜਿਹੜੇ ਲੋਕਾਂ ਦੀ ਨਿੰਦਾ ਕਰਦੇ ਹਨ ਉਨ੍ਹਾਂ ਦਾ ਵੀ ਲੋਕਾਂ ਤੇ ਤੀਰ ਚਲਾਉਣ ਵਾਲਿਆਂ ਵਜੋਂ ਵਰਣਨ ਕੀਤਾ ਗਿਆ ਹੈ (ਕਹਾਉਤਾਂ 25:18; 26:18, 19; ਯਿਰਮਿਯਾਹ 9:3, 8)। ਇਸ ਲਈ, ਯਾਕੂਬ ਦੀ ਬਰਕਤ ਵਿਚ, ਤੀਰ ਅੰਦਾਜ਼ ਅਤੇ ਉਨ੍ਹਾਂ ਦੇ ਤੀਰ ਉਨ੍ਹਾਂ ਵਿਰੋਧੀਆਂ ਅਤੇ ਆਲੋਚਨਾਵਾਂ ਨੂੰ ਦਰਸਾਉਂਦੇ ਹਨ ਜਿਨ੍ਹਾਂ ਦਾ ਯੂਸੁਫ਼ ਨੇ ਆਪਣੀ ਜਵਾਨੀ ਉਮਰ ਵਿਚ ਸਾਹਮਣਾ ਕੀਤਾ ਸੀ।

ਪਹਿਲੀ ਗੱਲ, ਉਸ ਦੇ ਭਰਾ "ਉਸ ਨਾਲ ਵੈਰ ਰੱਖਦੇ" ਸਨ (37:4, 5, 8) ਕਿਉਂਕਿ ਉਹ ਯਾਕੂਬ ਦਾ ਲਾਡਲਾ ਪੁੱਤਰ ਸੀ ਅਤੇ ਇਸੇ ਕਰਕੇ ਉਨ੍ਹਾਂ ਨੇ ਉਸ ਨੂੰ ਕੁਝ ਮਿਦਯਾਨੀਆਂ ਨੂੰ ਵੇਚ ਦਿੱਤਾ ਜਿਹੜੇ ਮਿਸਰ ਨੂੰ ਜਾ ਰਹੇ ਸਨ। 49:23 ਵਿਚ ਅਨੁਵਾਦ ਕੀਤਾ ਗਿਆ ਸ਼ਬਦ "ਸਤਾਇਆ" (שָׂטַם, *ਸੈਟਮ)* ਉਹੀ ਸ਼ਬਦ ਹੈ ਜਿਹੜਾ ਯਾਕੂਬ ਦੀ ਧੋਖੇਬਾਜ਼ੀ ਦੇ ਕਾਰਣ ਏਸਾਓ ਦੀ ਨਫਰਤ ਦਾ ਵਰਣਨ ਕਰਨ ਦੇ ਲਈ ਵਰਤਿਆ ਗਿਆ ਸੀ। ਇਸ ਦਾ ਸ਼ਾਬਦਿਕ ਅਰਥ ਹੈ "ਵੈਰ ਰੱਖਣਾ" (27:41) ਅਤੇ ਇਹ ਉਸ ਗੁੱਝੀ ਨਫਰਤ ਜਾਂ ਵੈਰ ਦਾ ਵੀ ਵਰਣਨ ਕਰਦਾ ਹੈ ਜੋ ਭਰਾਵਾਂ ਨੂੰ ਡਰ ਸੀ ਕਿ ਕਿਤੇ ਯੂਸੁਫ਼ ਦੇ ਮਨ ਵਿਚ ਨਾ ਹੋਵੇ ਅਤੇ ਉਹ ਉਨ੍ਹਾਂ ਦੇ ਪਿਤਾ ਦੇ ਮਰਨ ਤੋਂ ਬਾਅਦ ਉਨ੍ਹਾਂ ਵਿਰੁੱਧ ਆਪਣਾ ਵੈਰ ਨਾ ਕੱਢੇ (50:15)।

**ਆਇਤ 24.** ਪ੍ਰਤੀਕਾਤਮਕ ਯੁੱਧ ਦੇ ਪ੍ਰਤੀ ਯੂਸੁਫ਼ ਦਾ ਜਵਾਬ ਜੋ ਉਸ ਦੇ ਵਿਰੁੱਧ ਲੜਿਆ ਜਾ ਰਿਹਾ ਸੀ ਇਹ ਸੀ ਕਿ **ਉਹ ਦਾ ਧਣੁਖ ਤਕੜਾ ਰਿਹਾ ਅਤੇ ਉਸ ਦੀਆਂ ਬਾਹਾਂ ਤੇ ਹੱਥ ਬਲਵੰਤ** ਜਦੋਂ ਉਸ ਨੇ ਆਪਣੇ ਆਪ ਦਾ ਬਚਾਓ ਕੀਤਾ। ਇਹ ਰੂਪਕ ਦੱਸਦਾ ਹੈ ਕਿ ਯੂਸੁਫ਼ ਆਪਣੇ ਦੁਸ਼ਮਣਾਂ ਦੇ ਵਿਰੁੱਧ ਲੜਨ ਦੇ ਲਈ ਬਲਵੰਤ, ਦਲੇਰ ਅਤੇ ਸਫ਼ਲ ਸੀ। ਪਰ, ਅਗਲੀ ਗੱਲ ਉਹ ਕਾਰਣ ਦੱਸਦੀ ਹੈ ਜਿਸ ਕਰਕੇ ਯੂਸੁਫ਼ ਆਪਣੇ ਸਾਰੇ ਵਿਰੋਧੀਆਂ ਵਿਰੁੱਧ ਪ੍ਰਬਲ ਹੋਣ

ਵਿਚ ਸਮਰੱਥ ਹੋਇਆ ਸੀ: ਉਸ ਨੂੰ ਪਰਮੇਸ਼ੁਰ ਦੀ ਮਦਦ ਮਿਲੀ ਸੀ। ਇਸ ਭਾਗ ਵਿਚ, ਬਾਈਬਲ ਦੀਆਂ ਵਚਨ ਰੂਪੀ ਕਵਿਤਾਵਾਂ ਵਿਚ ਹੋਰ ਕਿਸੇ ਥਾਂ ਨਾਲੋਂ ਇਸ ਥਾਂ ਤੇ ਪਰਮੇਸ਼ੁਰ ਦਾ ਵੱਖ-ਵੱਖ ਨਾਵਾਂ ਜਾਂ ਸਿਰਨਾਵਿਆਂ ਨਾਲ ਜ਼ਿਕਰ ਕੀਤਾ ਗਿਆ ਹੈ। ਇਹ ਆਇਤਾਂ ਖੁਦ ਯੂਸੁਫ਼ ਦੀ ਬਜਾਇ ਯੂਸੁਫ਼ ਦੇ ਪਰਮੇਸ਼ੁਰ ਬਾਰੇ ਬਹੁਤ ਕੁਝ ਕਹਿੰਦੀਆਂ ਹਨ। ਯਹੋਵਾਹ ਦੀ ਸ਼ਕਤੀ **ਯਾਕੂਬ ਦੇ ਸ਼ਕਤੀਮਾਨ** ਵਾਕ ਵਿਚ ਦਰਸਾਈ ਗਈ ਹੈ। ਉਸ ਦੀ ਪਿਆਰ ਭਰੀ ਦੇਖਭਾਲ ਉਸ ਦਾ ਆਪਣੇ ਲੋਕਾਂ ਦਾ **ਅਯਾਲੀ** ਹੋਣ ਦੇ ਵਿਚਾਰ ਵਿਚ ਦਰਸਾਈ ਗਈ ਹੈ (ਵੇਖੋ 48:15), ਜਦ ਕਿ ਉਸ ਦੀ ਠੋਸ ਸਥਿਰਤਾ ਅਤੇ ਬਚਾਓ **ਇਸਰਾਏਲ ਦਾ ਪੱਥਰ** ਨਾਂ ਵੱਲ ਸੰਕੇਤ ਕਰਦੀ ਹੈ।

**ਆਇਤ 25.** ਅਗਲਾ ਨਾਂ ਇਤਿਹਾਸ ਵਿਚ ਪਰਮੇਸ਼ੁਰ ਦੇ ਕੰਮ ਦੀ ਨਿਰੰਤਰਤਾ ਤੇ ਜ਼ੋਰ ਦਿੰਦਾ ਹੈ: ਯਾਕੂਬ ਨੇ ਯਹੋਵਾਹ ਨੂੰ **ਤੇਰੇ ਪਿਤਾ ਦੇ ਪਰਮੇਸ਼ੁਰ ਤੋਂ ਜਿਹੜਾ ਤੇਰੀ ਸਹਾਇਤਾ ਕਰੇਗਾ** ਵਜੋਂ ਪਛਾਣਿਆ। ਯੂਸੁਫ਼ ਨੇ ਇਹ ਕਦੇ ਨਹੀਂ ਸੀ ਭੁੱਲਣਾ ਕਿ ਉਹ ਛੁਟਕਾਰੇ ਦੇ ਇਤਿਹਾਸ ਦੀ ਲੜੀ ਵਿਚ ਇਕ ਮਹੱਤਵਪੂਰਣ ਕੜੀ ਸੀ, ਜਿਵੇਂ ਕਿ ਉਸ ਦਾ ਪਿਤਾ ਸੀ। ਯਾਕੂਬ ਦੀਆਂ ਗੱਲਾਂ ਉਸ ਦੇ ਪੁੱਤਰ ਦੇ ਲਈ ਇਕ ਤਾਕੀਦ ਸਨ ਕਿ **ਸਰਬਸ਼ਕਤੀਮਾਨ** (*ਏਲ ਸ਼ਦਾਈ*; 17:1) ਪਰਮੇਸ਼ੁਰ ਜਿਸ ਨੇ ਉਸ ਦੇ ਪੜਦਾਦੇ ਨੂੰ ਸੱਦਿਆ ਅਤੇ ਬਰਕਤ ਦਿੱਤੀ ਸੀ (12:1-3) ਉਸ ਨੂੰ **ਉੱਪਰੋਂ ਅਕਾਸ਼ ਦੀਆਂ ਬਰਕਤਾਂ** ਅਤੇ **ਹੇਠਾਂ ਪਈਆਂ ਹੋਈਆਂ ਡੂੰਘਿਆਈਆਂ ਦੀਆਂ ਬਰਕਤਾਂ** ਨਾਲ ਬਰਕਤ ਦੇਣ ਦੇ ਲਈ ਯੂਸੁਫ਼ ਦੇ ਜੀਵਨ ਵਿਚ ਕੰਮ ਕਰ ਰਿਹਾ ਸੀ। ਫਿਰ ਪੁਰਖੇ ਨੇ **ਛਾਤੀਆਂ ਦੇ ਕੁੱਖ ਦੀਆਂ ਬਰਕਤਾਂ** ਦਾ ਜ਼ਿਕਰ ਕੀਤਾ, ਜਿਨ੍ਹਾਂ ਦਾ ਯੂਸੁਫ਼ ਅਤੇ ਆਸਨਥ ਨੇ ਉਨ੍ਹਾਂ ਦੇ ਦੋ ਪੁੱਤਰਾਂ ਦੇ ਜਨਮਾਂ ਰਾਹੀਂ ਅਨੁਭਵ ਕੀਤਾ ਸੀ (41:50-52)। ਮਤਲਬ ਇਹ ਸੀ ਕਿ ਪ੍ਰਜਨਨ ਦੀਆਂ ਪਰਮੇਸ਼ੁਰ ਦੀਆਂ ਬਰਕਤਾਂ ਯੂਸੁਫ਼ ਦੇ ਵੰਸ਼ ਵਿਚ ਜਾਰੀ ਰਹਿਣੀਆਂ।

**ਆਇਤ 26.** ਯਾਕੂਬ ਨੇ ਆਪਣੇ ਪੁੱਤਰਾਂ ਨੂੰ ਚੇਤੇ ਕਰਾਇਆ ਕਿ ਬਾਰਾਂ ਪੁੱਤਰਾਂ ਦੀਆਂ ਉਸ ਦੀਆਂ ਆਪਣੀਆਂ **ਬਰਕਤਾਂ** ਉਸ ਦੇ **ਪਿਓ ਦਾਦਿਆਂ** ਅਰਥਾਤ ਅਬਰਾਹਾਮ ਅਤੇ ਇਸਹਾਕ ਦੀਆਂ ਬਰਕਤਾਂ ਤੋਂ **ਵਧ ਗਈਆਂ**। ਅਬਰਾਹਾਮ ਅੱਠ ਪੁੱਤਰਾਂ ਦਾ ਪਿਤਾ ਬਣਿਆ ਸੀ: ਹਾਜਰਾ ਤੋਂ ਇਸਮਾਏਲ (16:15), ਸਾਰਾਹ ਤੋਂ ਇਸਹਾਕ (21:2, 3) ਅਤੇ ਕਟੂਰਾਹ ਤੋਂ ਛੇ ਹੋਰ ਪੁੱਤਰ (25:1, 2)। ਸਿੱਟੇ ਵਜੋਂ, ਇਸਹਾਕ ਸਿਰਫ ਦੋ ਪੁੱਤਰਾਂ ਅਰਥਾਤ ਏਸਾਓ ਅਤੇ ਯਾਕੂਬ ਦਾ ਪਿਤਾ ਬਣਿਆ ਸੀ (25:24-26)।

ਯਾਕੂਬ ਦੀਆਂ ਬਰਕਤਾਂ ਦੀ ਤੁਲਨਾ ਕਰਮਲ ਪਰਬਤ ਅਤੇ ਹਰਮੋਨ ਪਰਬਤ – **ਸਦੀਪਕ ਪਰਬਤਾਂ ਤੇ ਬੰਨਿਆਂ** – ਦੀਆਂ ਟੀਸੀਆਂ ਨਾਲ ਕੀਤੀ ਜਾ ਸਕਦੀ ਸੀ, ਕਨਾਨ ਦਾ ਨਿਰਜਲ ਹਿੱਸਾ ਜਿੱਥੇ ਗਰਮੀ ਦੀ ਰੁੱਤ ਵਿਚ ਜ਼ਮੀਨ ਅਤੇ ਸਾਗ ਪੱਤ ਸੁੱਕ ਜਾਂਦਾ ਸੀ। ਯਾਕੂਬ ਦੀ ਬਰਕਤ ਇਕ ਪ੍ਰਾਰਥਨਾ ਵੀ ਸੀ ਕਿ ਪਰਮੇਸ਼ੁਰ **ਯੂਸੁਫ਼ ਦੇ ਸਿਰ ਉੱਤੇ ਸਗੋਂ ਉਹ ਦੀ ਖੋਪਰੀ ਉੱਤੇ** ਚੰਗੀਆਂ ਵਸਤਾਂ ਨੂੰ ਉਂਡੇਲਣਾ ਜਾਰੀ ਰੱਖੇ **ਜਿਹੜਾ ਆਪਣੇ ਭਰਾਵਾਂ ਵਿੱਚੋਂ ਸੰਕਲਪ ਕੀਤਾ ਗਿਆ।**

*ਬਿਨਯਾਮੀਨ (49:27)*

**ਆਇਤ 27.** ਅੰਤ ਵਿਚ, ਯਾਕੂਬ ਨੇ ਸਭ ਤੋਂ ਛੋਟੇ ਨੂੰ ਬਰਕਤ ਦਿੱਤੀ ਅਤੇ ਫਿਰ ਯੂਸੁਫ਼ ਨੂੰ, ਉਸ ਦਾ ਸਭ ਤੋਂ ਪਿਆਰਾ ਪੁੱਤਰ **ਬਿਨਯਾਮੀਨ** ਰਾਖੇਲ ਤੋਂ ਜੰਮਿਆ ਸੀ ਜਦੋਂ ਉਹ ਮਰ ਰਹੀ ਸੀ (35:16-20)। ਇੱਥੇ ਇਸ ਕਮਜ਼ੋਰ ਅਤੇ ਬੇਬੱਸ ਪੁੱਤਰ ਜਿਸ ਨੂੰ ਯਹੂਦਾਹ ਅਤੇ ਵੱਡੇ ਭਰਾਵਾਂ ਨੂੰ ਬਚਾਉਣਾ ਪਿਆ ਸੀ (43:1-44:34) ਅਤੇ **ਪਾੜਨ ਵਾਲਾ ਬਘਿਆੜ** ਜੋ ਉਸ ਦੀ ਅੰਸ ਅੱਗੇ ਜਾ ਕੇ ਬਣੀ, ਵਿਚਕਾਰ ਇਕ ਵੱਡੀ ਤੁਲਨਾ ਹੈ। ਸਪੱਸ਼ਟ ਤੌਰ ਤੇ, ਇਹ ਨਬੂਵਤੀ ਬਰਕਤ ਉਸ ਦੀ ਅੰਸ ਨਾਲ ਸੰਬੰਧ ਰੱਖਦੀ ਸੀ, ਜਿਹੜੀ ਭਵਿੱਖ ਵਿਚ ਯਹੋਸ਼ੁਆ ਦੇ ਸਮੇਂ ਤੋਂ ਬਾਅਦ, ਕਨਾਨ ਦੇ ਦੇਸ ਵਿਚ ਉਨ੍ਹਾਂ ਦੇ ਫੌਜੀ ਕਾਰਨਾਮਿਆਂ ਦੇ ਲਈ ਪ੍ਰਸਿੱਧ ਹੋਈ। ਯਾਕੂਬ ਦੇ ਵਰਣਨ ਨੇ ਉਸ

ਦੀ ਤੁਲਨਾ ਹਿੰਸਕ ਬਘਿਆੜ ਨਾਲ ਕੀਤੀ ਸੀ। ਅਜਿਹਾ ਜਾਨਵਰ ਆਪਣੇ ਹਮਲਿਆਂ ਵਿਚ ਵਹਿਸ਼ੀ ਹੁੰਦਾ ਹੈ ਅਤੇ **ਸਵੇਰੇ ... ਸ਼ਿਕਾਰ ਖਾਵੇਗਾ**। ਯੁੱਧ ਤੋਂ ਬਾਅਦ, **ਸੰਝ ਨੂੰ** ਬਿਨਯਾਮੀਨ ਦੇ ਗੋਤ ਦੀ ਫੌਜ ਨੂੰ ਉਨ੍ਹਾਂ ਦੀ ਜਿੱਤ ਪ੍ਰਾਪਤ ਕਰਨ ਤੋਂ ਬਾਅਦ **ਲੁੱਟ** ਵੰਡਦਿਆਂ ਦਰਸਾਇਆ ਗਿਆ ਹੈ। ਇਸ ਦਾ ਮੁਢਲਾ ਉਦਾਹਰਣ ਬਿਨਯਾਮੀਨੀ ਨਿਆਈ ਏਹੂਦ ਹੈ, ਮੋਆਬੀਆਂ ਵਿਰੁੱਧ ਉਸ ਦੇ ਸਫ਼ਲ ਯੁੱਧ ਨਾਲ ਜਿਹੜਾ ਯਰਦਨ ਨਦੀ ਦੇ ਲਹਿੰਦੇ ਪਾਸੇ ਹੋਇਆ ਸੀ (ਨਿਆਈਆਂ 3:15-30)। ਗੋਤ ਦੇ ਵਹਿਸ਼ੀ ਸੁਭਾਅ ਦਾ ਇਕ ਹੋਰ ਉਦਾਹਰਣ ਅੱਗੇ ਜਾ ਕੇ ਨਿਆਈਆਂ ਦੇ ਸਮੇਂ ਵਿਚ, ਹੋਰ ਇਸਰਾਏਲੀ ਗੋਤਾਂ ਵਿਰੁੱਧ ਬਿਨਯਾਮੀਨੀ ਯੁੱਧ ਦੌਰਾਨ ਵੇਖਿਆ ਗਿਆ ਹੈ (ਨਿਆਈਆਂ 20:14-21)। ਇਸਰਾਏਲ ਦਾ ਪਹਿਲਾ ਰਾਜਾ, ਸ਼ਾਊਲ, ਬਿਨਯਾਮੀਨ ਦੇ ਗੋਤ ਵਿੱਚੋਂ ਸੀ ਅਤੇ ਉਸ ਦੇ ਮਨੁੱਖਾਂ ਦਾ ਰੁਤਬਾ "ਡਾਢੇ ਸੂਰਮਿਆਂ" ਵਾਲਾ ਸੀ (1 ਇਤਹਾਸ 8:33, 40; 12:2)।

## ਯਾਕੂਬ ਦਾ ਦੇਹਾਂਤ (49:28-33)

**[28]ਏਹ ਸਭ ਇਸਰਾਏਲ ਦੇ ਬਾਰਾਂ ਗੋਤ ਹਨ ਅਤੇ ਏਹ ਉਹ ਹੈ ਜਿਹੜਾ ਉਨ੍ਹਾਂ ਦਾ ਪਿਤਾ**
**ਉਨ੍ਹਾਂ ਨੂੰ ਬੋਲਿਆ ਜਦ ਉਨ੍ਹਾਂ ਵਿੱਚੋਂ ਹਰ ਇੱਕ ਨੂੰ ਬਰਕਤ ਦਿੱਤੀ ਹਰ ਇੱਕ ਨੂੰ ਉਸ ਦੀ ਬਰਕਤ**
**ਅਨੁਸਾਰ ਉਸ ਨੇ ਉਨ੍ਹਾਂ ਨੂੰ ਬਰਕਤ ਦਿੱਤੀ। [29]ਫੇਰ ਉਸ ਨੇ ਉਨ੍ਹਾਂ ਨੂੰ ਆਗਿਆ ਦੇਕੇ ਆਖਿਆ,**
**ਮੈਂ ਆਪਣੇ ਲੋਕਾਂ ਨਾਲ ਰਲਨ ਜਾਂਦਾ ਹਾਂ, ਮੈਨੂੰ ਮੇਰੇ ਪਿਓ ਦਾਦਿਆਂ ਨਾਲ ਉਸ ਗੁਫਾ ਵਿੱਚ**
**ਜਿਹੜੀ ਅਫਰੋਨ ਹਿੱਤੀ ਦੀ ਪੈਲੀ ਵਿੱਚ ਹੈ ਦੱਬਿਓ। [30]ਅਰਥਾਤ ਉਹ ਗੁਫਾ ਵਿੱਚ ਜਿਹੜੀ**
**ਮਕਫੀਲਾਹ ਦੀ ਪੈਲੀ ਵਿੱਚ ਮਮਰੇ ਦੇ ਅੱਗੇ ਕਨਾਨ ਦੇਸ ਵਿੱਚ ਹੈ ਜਿਹੜੀ ਪੈਲੀ ਅਬਰਾਹਾਮ ਨੇ**
**ਅਫਰੋਨ ਹਿੱਤੀ ਤੋਂ ਕਬਰ ਦੀ ਮਿਲਖ ਲਈ ਮੁੱਲ ਲਈ ਸੀ। [31]ਉੱਥੇ ਉਨ੍ਹਾਂ ਨੇ ਅਬਰਾਹਾਮ ਨੂੰ ਅਤੇ**
**ਉਹ ਦੀ ਪਤਨੀ ਸਾਰਾਹ ਨੂੰ ਦੱਬਿਆ ਅਤੇ ਉੱਥੇ ਉਨ੍ਹਾਂ ਨੇ ਇਸਹਾਕ ਅਰ ਉਹ ਦੀ ਪਤਨੀ**
**ਰਿਬਕਾਹ ਨੂੰ ਦੱਬਿਆ ਅਤੇ ਉੱਥੇ ਮੈਂ ਲੇਆਹ ਨੂੰ ਦੱਬਿਆ। [32]ਮੈਂ ਉਸ ਪੈਲੀ ਅਤੇ ਉਸ ਗੁਫਾ ਨੂੰ**
**ਜਿਹੜੀ ਉਸ ਦੇ ਵਿੱਚ ਹੈ ਹੇਤ ਦੇ ਪੁੱਤ੍ਰਾਂ ਤੋਂ ਮੁੱਲ ਲਿਆ। [33]ਜਾਂ ਯਾਕੂਬ ਆਪਣੇ ਪੁੱਤ੍ਰਾਂ ਨੂੰ ਆਗਿਆ**
**ਦੇ ਚੁੱਕਿਆ ਤਾਂ ਉਸ ਨੇ ਆਪਣੇ ਪੈਰ ਮੰਜੇ ਉੱਤੇ ਇਕੱਠੇ ਕਰ ਲਏ ਅਤੇ ਆਪਣੇ ਪ੍ਰਾਣ ਛੱਡ ਕੇ**
**ਆਪਣੇ ਲੋਕਾਂ ਵਿੱਚ ਜਾ ਰਲਿਆ।**

**ਆਇਤ 28.** 49:1-27 ਵਿਚ ਯੂਸੁਫ਼ ਨੂੰ ਅਤੇ ਉਸ ਦੇ ਭਰਾਵਾਂ ਨੂੰ ਕਹੀਆਂ ਯਾਕੂਬ ਦੀਆਂ ਗੱਲਾਂ ਦਾ ਖੁਲਾਸਾ ਕਰਨ ਦੇ ਲਈ, ਲੇਖਕ ਨੇ ਲਿਖਿਆ, **ਏਹ ਉਹ ਹੈ ਜਿਹੜਾ ਉਨ੍ਹਾਂ ਦਾ ਪਿਤਾ ਉਨ੍ਹਾਂ ਨੂੰ ਬੋਲਿਆ ਜਦ ਉਨ੍ਹਾਂ ਵਿੱਚੋਂ ਹਰ ਇੱਕ ਨੂੰ ਬਰਕਤ ਦਿੱਤੀ**। ਯਾਕੂਬ ਦੇ ਪੁੱਤਰਾਂ ਨੂੰ ਇੱਥੇ **ਇਸਰਾਏਲ ਦੇ ਬਾਰਾਂ ਗੋਤ** ਕਰਕੇ ਪਛਾਣਿਆ ਗਿਆ ਹੈ। ਇਸ ਤੋਂ ਇਲਾਵਾ, ਕਥਾਕਾਰ ਨੇ ਕਿਹਾ ਕਿ **ਹਰ ਇੱਕ ਨੂੰ ਉਸ ਦੀ ਬਰਕਤ ਅਨੁਸਾਰ** ਬਰਕਤ ਮਿਲੀ। ਜਿਵੇਂ-ਜਿਵੇਂ ਸਾਲ ਬੀਤਦੇ ਗਏ, ਉਨ੍ਹਾਂ ਦੇ ਪੁਰਖਿਆਂ ਦੇ ਚਰਿੱਤਰ ਦੇ ਕੁਝ ਵਿਸ਼ਿਸ਼ਟ ਗੁਣ ਸਪੱਸ਼ਟ ਤੌਰ ਤੇ ਵੱਖ-ਵੱਖ ਗੋਤਾਂ ਦੇ ਰਵੱਈਆਂ ਅਤੇ ਜੀਵਨਸ਼ੈਲੀਆਂ ਵਿਚ ਵੇਖੇ ਗਏ ਸਨ ਜੋ ਉਨ੍ਹਾਂ ਦੇ ਪੁੱਤਰਾਂ ਤੋਂ ਵਿਕਸਤ ਹੋਏ ਸਨ, ਜਿਵੇਂ ਕਿ ਯਾਕੂਬ ਨੇ ਨਬੂਵਤ ਕੀਤੀ ਸੀ।

**ਆਇਤਾਂ 29-33.** ਜਦੋਂ ਪੁਰਖੇ ਨੇ ਬਰਕਤਾਂ ਦੇਣ ਦਾ ਕੰਮ ਪੂਰਾ ਕਰ ਲਿਆ, ਉਸ ਨੇ ਆਪਣੇ ਪੁੱਤਰਾਂ ਨੂੰ ਇਕ ਕੰਮ ਦੀ **ਆਗਿਆ ਦੇ ਕੇ ਆਖਿਆ**। ਉਸ ਨੇ ਇਹ ਕਹਿਣ ਦੁਆਰਾ ਆਪਣੀ ਗੱਲ ਦੀ ਸ਼ੁਰੂਆਤ ਕੀਤੀ, **ਮੈਂ ਆਪਣੇ ਲੋਕਾਂ ਨਾਲ ਰਲਨ ਜਾਂਦਾ ਹਾਂ**। ਇਹ ਕਠੋਰ ਸ਼ਬਦਾਂ ਦੀ ਥਾਂ ਮਧੁਰ ਸ਼ਬਦ ਵਿਚ ਇਹ ਕਹਿਣ ਦਾ ਇਕ ਤਰੀਕਾ ਸੀ ਕਿ ਮੌਤ ਨੇੜੇ ਹੈ। ਉਸ

ਦੀ ਆਗਿਆ ਇਹ ਸੀ: **ਮੈਨੂੰ ਮੇਰੇ ਪਿਓ ਦਾਦਿਆਂ ਨਾਲ ਦੱਬਿਓ।** ਇਹ ਪ੍ਰਗਟਾਵਾ ਅਬਰਾਹਾਮ ਅਤੇ ਇਸਹਾਕ ਨਾਲ ਪਰਿਵਾਰ ਦੀ ਇਕਜੁਟਤਾ ਤੇ ਜ਼ੋਰ ਦਿੰਦਾ ਸੀ। ਉਸ ਦੀ ਦੇਹ ਪੁਸ਼ਤੈਨੀ **ਗੁਫ਼ਾ ਵਿੱਚ ਜਿਹੜੀ ਅਫਰੋਨ ਹਿੱਤੀ ਦੀ ਪੈਲੀ ਵਿੱਚ ਹੈ** ਰੱਖੀ ਜਾਣੀ ਸੀ (49:29)। ਅੱਗੇ ਯਾਕੂਬ ਨੇ ਇਸ ਥਾਂ ਨੂੰ **ਗੁਫਾ ਜਿਹੜੀ ਮਕਫੀਲਾਹ ਦੀ ਪੈਲੀ ਵਿੱਚ ਮਮਰੇ ਦੇ ਅੱਗੇ ਕਨਾਨ ਦੇਸ ਵਿੱਚ ਹੈ** ਵਜੋਂ ਪਛਾਣਿਆ ਸੀ (49:30)। ਅਬਰਾਹਾਮ ਨੇ ਇਹ ਪੈਲੀ ਅਤੇ ਗੁਫਾ ਸਾਰਾਹ ਦੀ ਮੌਤ ਤੋਂ ਬਾਅਦ **ਹੇਤ ਦੇ ਪੁੱਤ੍ਰਾਂ** ਤੋਂ ਮੁੱਲ ਲਈ ਸੀ (49:32; ਵੇਖੋ 23:1-20)।

ਆਖ਼ਰਕਾਰ, ਮਕਫੀਲਾਹ ਦੀ ਗੁਫਾ ਸੰਪਰਦਾਇਕ ਕਬਰਿਸਤਾਨ ਬਣ ਚੁੱਕਾ ਸੀ। **ਅਬਰਾਹਾਮ** ਨੂੰ ਖੁਦ ਉੱਥੇ ਉਸ ਦੀ ਪਤਨੀ **ਸਾਰਾਹ** ਨਾਲ ਦਫ਼ਨਾਇਆ ਗਿਆ ਸੀ (23:19; 25:9, 10), ਅਤੇ ਫਿਰ **ਇਸਹਾਕ** (35:29) ਅਤੇ ਫਿਰ **ਰਿਬਕਾਹ** ਨੂੰ ਵੀ ਉੱਥੇ ਦਫ਼ਨਾਇਆ ਗਿਆ ਸੀ। ਕਈ ਸਾਲਾਂ ਬਾਅਦ, ਯਾਕੂਬ ਨੇ ਉੱਥੇ ਲੇਆਹ ਨੂੰ ਦਫ਼ਨਾਇਆ ਸੀ (49:31)।[22] ਇਹ ਸਭ ਕੁਝ ਯਾਕੂਬ ਦੇ ਲਈ ਮਹੱਤਵਪੂਰਣ ਸੀ ਕਿਉਂਕਿ ਪਰਮੇਸ਼ੁਰ ਨੇ **ਕਨਾਨ ਦੇਸ** ਵਿੱਚ ਅਬਰਾਹਾਮ ਦੀ ਅੰਸ ਨੂੰ ਇਕ ਸਥਾਈ ਮਿਲਖ ਦੇਣ ਦਾ ਵਾਅਦਾ ਕੀਤਾ ਸੀ (49:30)।

ਹਾਲਾਂਕਿ ਯਾਕੂਬ ਅਤੇ ਉਸ ਦੇ ਪਰਿਵਾਰ ਨੇ ਯੂਸੁਫ਼ ਦੀ ਦਖ਼ਲਅੰਦਾਜ਼ੀ ਦੇ ਰਾਹੀਂ ਮਿਸਰ ਵਿਚ ਫ਼ਿਰਊਨ ਦੀ ਥਾਂ ਹੇਠ ਬਹੁਤ ਸਾਰੀਆਂ ਬਰਕਤਾਂ ਪਾਈਆਂ ਸਨ, ਉਨ੍ਹਾਂ ਦਾ ਉੱਥੇ ਰਹਿਣਾ ਕੁਝ ਚਿਰ ਦੇ ਲਈ ਸੀ। ਭਾਵੇਂ ਕਿੰਨਾ ਦੀ ਸਮਾਂ ਲੱਗ ਜਾਵੇ, ਉਨ੍ਹਾਂ ਦਾ ਭਵਿੱਖ ਵਾਅਦੇ ਦੇ ਦੇਸ ਵੱਲ ਇਸ਼ਾਰਾ ਕਰਦਾ ਸੀ (15:13-18)। ਸਗੋਂ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਵਾਅਦੇ ਤੋਂ ਬਿਨਾਂ, ਯਾਕੂਬ ਦਾ ਮੰਨਣਾ ਸੀ ਕਿ ਮਕਫੀਲਾਹ ਦੀ ਗੁਫਾ ਵਿਚ ਉਸ ਦਾ ਆਪਣੇ ਪੂਰਵਜਾਂ ਨਾਲ ਦਫ਼ਨਾਇਆ ਜਾਣਾ ਉਸ ਦੇ ਲਈ ਉਸ ਦੇਸ ਵਿਚ ਇਸਰਾਏਲ ਦੇ ਭਵਿੱਖ ਵਿਚ ਮੁੜ ਕੇ ਆਉਣ ਵਿਚ ਹਿੱਸਾ ਲੈਣ ਦਾ ਇਕ ਤਰੀਕਾ ਸੀ। **ਜਾਂ ਯਾਕੂਬ ਆਪਣੇ ਪੁੱਤ੍ਰਾਂ ਨੂੰ ਆਗਿਆ ਦੇ ਚੁੱਕਿਆ ਤਾਂ ਉਸ ਨੇ ... ਆਪਣੇ ਪ੍ਰਾਣ ਛੱਡ ਕੇ ਆਪਣੇ ਲੋਕਾਂ ਵਿੱਚ ਜਾ ਰਲਿਆ** (49:33)।

## ਵਧੇਰੇ ਅਧਿਐਨ ਲਈ: "ਸ਼ੀਲੋਹ" ਦਾ ਅਰਥ (49:10)

ਯੂਸੁਫ਼ ਦੇ ਪੁੱਤਰਾਂ ਦੀ ਯਾਕੂਬ ਦੀ ਨਬੂਵਤੀ ਬਰਕਤ ਵਿਚ, ਸਭ ਤੋਂ ਵੱਧ ਉਲਝਣ ਵਾਲਾ ਹਿੱਸਾ ਯਹੂਦਾਹ ਨੂੰ ਕਹੀ ਉਸ ਦੀ ਆਖ਼ਰੀ ਗੱਲ ਹੈ, ਜੋ ਇਹ ਦੱਸਦੀ ਹੈ ਕਿ ਯਹੂਦਾਹ ਦਾ ਸ਼ਾਹੀ "ਰਾਜ ਡੰਡਾ" ਅਤੇ "ਹਾਕਮ ਦਾ ਸੋਟਾ" ਤਦ ਤੱਕ ਜਾਰੀ ਰਹਿਣਾ ਸੀ "ਜਦ ਤੀਕ ਸ਼ੀਲੋਹ ਨਾ ਆਵੇ" (49:10)। ਰਵਾਇਤੀ ਤੌਰ ਤੇ, ਇਸ ਗੱਲ ਨੂੰ ਯਹੂਦੀ ਲੋਕਾਂ ਅਤੇ ਮਸੀਹੀ ਲੋਕਾਂ ਦੁਆਰਾ ਮਸੀਹ ਦੀ ਨਬੂਵਤ ਦੇ ਤੌਰ ਤੇ ਵੇਖਿਆ ਗਿਆ ਸੀ।[23] ਕਿਉਂਕਿ ਵਾਕ ਦਾ ਅਨੁਵਾਦ ਵੱਖ-ਵੱਖ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ ਅਤੇ ਲਿਖਤ ਦੇ ਕਈ ਰੂਪ ਮੌਜੂਦ ਹਨ, ਸਮੇਂ ਦੇ ਬੀਤਣ ਦੇ ਨਾਲ-ਨਾਲ ਇਸ ਦੀਆਂ ਕਈ ਵਿਆਖਿਆਵਾਂ ਵਿਕਸਤ ਹੋ ਚੁੱਕੀਆਂ ਹਨ। ਇਨ੍ਹਾਂ ਵਿੱਚੋਂ ਕੁਝ ਦੇ ਬਾਰੇ ਇੱਥੇ ਸੰਖੇਪ ਰੂਪ ਵਿਚ ਚਰਚਾ ਕੀਤੀ ਗਈ ਹੈ।

1. "ਜਦ ਤੀਕ ਸ਼ੀਲੋਹ ਨਾ ਆਵੇ।" ਇਬਰਾਨੀ ਲਿਖਤ ਦਾ ਅਨੁਵਾਦ "ਜਦ ਤੀਕ ਸ਼ੀਲੋਹ ਨਹੀਂ ਆਉਂਦਾ" ਕੀਤਾ ਜਾ ਸਕਦਾ ਹੈ, ਪਰ ਕੀ "ਸ਼ੀਲੋਹ" ਦਾ ਅਰਥ ਮਸੀਹਾ ਹੁੰਦਾ ਹੈ, ਜਿਵੇਂ ਕਿ KJV, ASV ਅਤੇ NASB ਬਾਈਬਲ ਅਨੁਵਾਦ ਸੰਕੇਤ ਦਿੰਦੇ ਹਨ? ਅਰਾਮੀ "ਤਾਰਗੁਮ ਆਫ਼ ਓਨਕੀਲੋਸ" (ਪਹਿਲੀ ਸਦੀ ਈ.ਪੂ.) "ਸ਼ੀਲੋਹ" ਦੇ ਲਈ *ਮਸਹੀਹਾ* ("ਮਸਾਇਆਹ") ਦੀ ਥਾਂ ਲੈਂਦਾ ਹੈ ਅਤੇ ਦੱਸਦਾ ਹੈ ਕਿ ਉਸ ਦਾ "ਰਾਜ" ਕਾਇਮ ਹੋਵੇਗਾ ਅਤੇ ਉਹ "ਕੌਮਾਂ ਦੀ ਆਗਿਆਕਾਰੀ" ਦਾ ਅਨੰਦ ਮਾਣੇਗਾ।[24] ਉਸੇ ਤਰ੍ਹਾਂ, ਮ੍ਰਿਤ ਸਾਗਰ ਪੋਥੀਆਂ ਵਿੱਚੋਂ ਇਕ ਪੋਥੀ ਇਹ ਸੰਕੇਤ ਕਰਦੀ ਹੈ ਕਿ ਕੁਰਮਾਨ ਸਮਾਜ ਨੇ ਇਹ ਸਮਝਿਆ ਕਿ 49:10 ਇਹ ਸਿੱਖਿਆ ਦਿੰਦੀ ਹੈ

ਕਿ "ਧਾਰਮਿਕਤਾ ਦੇ ਮਸੀਹਾ" ਨੂੰ ਸਦਾ ਦੀਆਂ ਪੀੜ੍ਹੀਆਂ ਦੇ ਲਈ ਉਸ ਦੇ ਲੋਕਾਂ ਉੱਤੇ ਪਾਤਸ਼ਾਹੀ ਦਿੱਤੀ ਜਾਵੇਗੀ।[25] ਹਾਲਾਂਕਿ "ਸ਼ੀਲੋਹ" ਸ਼ਬਦ ਦੀ ਵਿਆਖਿਆ ਇਹ ਵਿਆਖਿਆ ਕਰਨੀ ਪ੍ਰਸਿੱਧ ਹੋ ਚੁੱਕੀ ਹੈ ਕਿ 49:10 ਵਿਚ ਇਸ ਦਾ ਅਰਥ ਮਸੀਹਾ ਹੈ, ਬਾਈਬਲ ਦੀ ਹੋਰ ਹਰੇਕ ਲਿਖਤ ਵਿਚ "ਸ਼ੀਲੋਹ" ਸ਼ਬਦ ਨੂੰ ਇਕ ਨਗਰ ਦੇ ਨਾਮ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਇਫ਼ਰਾਈਮ ਦੇ ਇਲਾਕੇ ਵਿਚ ਸਥਿਤ, ਸ਼ੀਲੋਹ ਨੂੰ ਇਸ ਲਈ ਤਬਾਹ ਕਰ ਦਿੱਤਾ ਗਿਆ ਕਿਉਂਕਿ ਉੱਥੇ ਬਹੁਤ ਸਾਰੀ ਬੁਰਿਆਈ ਹੁੰਦੀ ਸੀ (1 ਸਮੂਏਲ 1:1-3; 2:12-17, 22-36; 4:1-22; ਜ਼ਬੂਰ 78:60-64)। ਸੈਕੜੈਂ ਸਾਲਾਂ ਬਾਅਦ, ਯਿਰਮਿਯਾਹ ਨੇ ਸ਼ੀਲੋਹ ਦੀ ਬਰਬਾਦੀ ਨੂੰ ਉਸ ਦੇ ਇਕ ਚਿੰਨ੍ਹ ਦੇ ਰੂਪ ਵਿਚ ਵਰਤਿਆ ਜੋ ਪਰਮੇਸ਼ੁਰ ਯਰੂਸ਼ਲਮ ਅਤੇ ਹੈਕਲ ਉੱਤੇ ਲੈ ਕੇ ਆਵੇਗਾ ਜੇਕਰ ਲੋਕ ਆਪਣੇ ਬੁਰੇ ਰਾਹਾਂ ਤੋਂ ਨਾ ਮੁੜੇ (ਯਿਰਮਿਯਾਹ 7:12-14; 26:6, 9)। "ਸ਼ੀਲੋਹ" ਨੂੰ ਸ਼ਾਇਦ ਮਸੀਹਾ ਦੇ ਲਈ ਇਕ ਨਾਮ ਜਾਂ ਸਿਰਨਾਵੇਂ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਨਵੇਂ ਨੇਮ ਦੇ ਲੇਖਕ, ਜਿਨ੍ਹਾਂ ਨੇ ਪੁਰਾਣੇ ਨੇਮ ਵਿੱਚੋਂ ਮਸੀਹਾ ਬਾਰੇ ਕੀਤੀਆਂ ਗਈ ਬਹੁਤ ਸਾਰੀਆਂ ਨਬੂਵਤਾਂ ਦਾ ਹਵਾਲਾ ਦਿੱਤਾ ਸੀ, ਕਦੇ ਵੀ 49:10 ਵਿਚ ਜਿਸ "ਸ਼ੀਲੋਹ" ਸ਼ਬਦ ਦਾ ਜ਼ਿਕਰ ਕੀਤਾ ਗਿਆ ਹੈ ਉਸ ਦਾ ਉਸ ਨਬੂਵਤ ਦੇ ਰੂਪ ਵਿਚ ਹਵਾਲਾ ਨਹੀਂ ਦਿੱਤਾ ਜੋ ਯਿਸੂ ਮਸੀਹ ਵੱਲ ਇਸ਼ਾਰਾ ਕਰਦੀ ਹੋਵੇ।

2. "ਜਦ ਤੀਕ ਸ਼ੀਲੋਹ ਨਾ ਆਵੇ।" ਇਬਰਾਨੀ ਲਿਖਤ ਨੂੰ ਸਪੱਸ਼ਟ ਢੰਗ ਨਾਲ ਪੜ੍ਹੀਏ ਤਾਂ ਉਸ ਦੇ ਨਤੀਜੇ ਵਜੋਂ ਇਹ ਅਨੁਵਾਦ ਸਾਹਮਣੇ ਆਉਂਦਾ ਹੈ: "... ਜਦ ਤੀਕ ਉਹ [ਯਹੂਦਾਹ] ਸ਼ੀਲੋਹ ਨੂੰ ਨਾ ਆਵੇ।"[26] ਪਰ, ਜੇਕਰ ਇਸ ਦਾ ਇਸ ਤਰੀਕੇ ਨਾਲ ਅਨੁਵਾਦ ਕੀਤਾ ਜਾਂਦਾ ਹੈ, ਇਹ ਵਾਕ ਨਾ ਸਿਰਫ ਨਿੱਜੀ ਤੌਰ ਤੇ ਯਹੂਦਾਹ ਦਾ ਹਵਾਲਾ ਦਿੰਦਾ ਹੈ, ਪਰ ਉਸ ਦੀ ਅੰਸ ਵਿੱਚੋਂ ਇਕ ਦਾ ਜਾਂ ਯਹੂਦਾਹ ਦੇ ਗੋਤ ਦਾ। ਇਹ ਗੋਤ ਜਾਂ ਵਿਅਕਤੀ ਸ਼ੀਲੋਹ ਤੋਂ ਹੋਰ ਗੋਤਾਂ ਉੱਤੇ ਰਾਜ ਕਰੇਗਾ।

ਇਹ ਸੱਚ ਹੈ ਕਿ ਬਾਅਦ ਵਿਚ ਨਿਆਈਆਂ ਦੇ ਸਮੇਂ ਦੌਰਾਨ ਸ਼ੀਲੋਹ ਇਸਰਾਏਲ ਦੀ ਬੰਦਗੀ ਦਾ ਕੇਂਦਰ ਸੀ ਅਤੇ ਪਰਮੇਸ਼ੁਰ ਦਾ ਸੰਦੂਕ ਉੱਥੇ ਰੱਖਿਆ ਗਿਆ ਸੀ (1 ਸਮੂਏਲ 3:3; 4:3, 4)। ਪਰ, ਹਾਲਾਤ ਕਾਫੀ ਜ਼ਿਆਦਾ ਬਦਲ ਗਏ ਜਦੋਂ ਫਲਿਸਤੀਆਂ ਨੇ ਡਾਢੀ ਵਾਢ ਨਾਲ ਇਸਰਾਏਲ ਦੀ ਫੌਜ ਨੂੰ ਹਰਾ ਦਿੱਤਾ (1 ਸਮੂਏਲ 4:10, 11) ਅਤੇ ਸੰਦੂਕ ਨੂੰ ਅਸ਼ਦੋਦ ਤੋੜੀ ਅਪੜਾ ਦਿੱਤਾ ਜੋ ਉਨ੍ਹਾਂ ਦਾ ਇਕ ਪ੍ਰਮੁੱਖ ਸ਼ਹਿਰ ਸੀ (1 ਸਮੂਏਲ 5:1)।

49:10 ਨੂੰ ਸ਼ੀਲੋਹ ਵਿਚ ਪਾਤਸ਼ਾਹੀ ਦੇ ਲਈ ਇਕ ਹਵਾਲੇ ਦੇ ਰੂਪ ਵਿਚ ਵੇਖਣ ਦੀ ਕਮਜ਼ੋਰੀ ਇਹ ਹੈ ਕਿ ਸਾਨੂੰ ਯਹੂਦਾਹ ਦੀ ਕਿਸੇ ਵੀ ਅੰਸ – ਨਿਸ਼ਚਤ ਤੌਰ ਤੇ ਦਾਊਦ ਦਾ ਵੀ ਨਹੀਂ – ਦਾ ਇਫ਼ਰਾਈਮ ਵਿਚ ਸ਼ੀਲੋਹ ਤੋਂ ਪਰਮੇਸ਼ੁਰ ਦੇ ਲੋਕਾਂ ਤੇ ਰਾਜ ਕਰਨਾ ਦਾ ਕੋਈ ਸੰਕੇਤ ਨਹੀਂ ਮਿਲਦਾ। ਬਲਕਿ, ਦਾਊਦ ਨੇ ਹਬਰੋਨ ਵਿਚ 7 ਸਾਲਾਂ ਤੱਕ ਯਹੂਦਾਹ ਦੇ ਗੋਤ ਤੇ ਰਾਜ ਕੀਤਾ ਇਸ ਤੋਂ ਪਹਿਲਾਂ ਕਿ ਉਸ ਨੇ ਅਤੇ ਉਸ ਦੇ ਮਨੁੱਖਾਂ ਨੇ ਯਰੂਸ਼ਲਮ ਨੂੰ ਆਪਣੇ ਕਬਜ਼ੇ ਵਿਚ ਲਿਆ ਅਤੇ ਇਸ ਨੂੰ ਸੰਯੁਕਤ ਇਸਰਾਏਲ ਰਾਜ ਦੀ ਰਾਜਧਾਨੀ ਬਣਾਇਆ (2 ਸਮੂਏਲ 5:1-5)। ਉਸ ਨੇ ਲਗਭਗ 32 ਸਾਲਾਂ ਤੱਕ ਯਰੂਸ਼ਲਮ ਦੇ ਰਾਜ ਕੀਤਾ।

3. "ਅਤੇ ਆਗਿਆਕਾਰੀ ਉਸੇ ਦੀ ਹੋਵੇਗੀ।" ਪ੍ਰਾਚੀਨ ਯਹੂਦੀ ਮਿਦਰਾਸ਼ (ਲਿਖਤ ਦੀ ਵਿਆਖਿਆ) ਨੇ ਇਬਰਾਨੀ ਸ਼ਬਦ "ਸ਼ੀਲੋਹ," שִׁילֹה (*ਸ਼ੀਲੋਹ)* ਨੂੰ שַׁי לֹה (*ਸ਼ੇਯ ਲੋਹ)* ਸੋਧਣ ਦੇ ਲਈ ਕੁਝ ਮੱਧਕਾਲੀ ਰੱਬੀਆਂ ਨੂੰ ਪ੍ਰਭਾਵਿਤ ਕੀਤਾ ਸੀ, ਜਿਸ ਦਾ ਅਨੁਵਾਦ ਇਸ ਤਰ੍ਹਾਂ ਕੀਤਾ ਗਿਆ ਸੀ "ਅਤੇ ਲੋਕਾਂ ਦੀ ਆਗਿਆਕਾਰੀ ਉਸੇ ਦੀ ਹੋਵੇਗੀ" (NJPSV)।[27] ਇਹੋ ਜਿਹੇ ਅਨੁਵਾਦ NEB ਅਤੇ NRSV ਬਾਈਬਲ ਵਿਚ ਵੀ ਆਉਂਦੇ ਹਨ। ਜੇਕਰ ਇਸ ਸੋਧ ਨੂੰ ਸਵੀਕਾਰ ਕੀਤਾ ਜਾਂਦਾ ਹੈ, ਤਾਂ ਇਸ ਵਾਕ ਦਾ ਅਰਥ ਇਹ ਹੋਵੇਗਾ ਕਿ ਯਹੂਦਾਹ (ਗੋਤ) ਦੀ ਆਗਿਆਕਾਰੀ

ਹੋਵੇਗੀ, ਜਿਸ ਦੇ ਰਾਹੀਂ ਇਹ ਦਾਊਦ ਕੋਲ ਆਵੇਗੀ ਅਤੇ ਆਖ਼ਰਕਾਰ ਮਸੀਹਾ ਕੋਲ।

ਕਿਉਂਕਿ "ਮਸੀਹਾ" ਦਾ ਅਰਥ ਹੈ ਯਹੂਦਾਹ ਦੇ ਗੋਤ ਵਿੱਚੋਂ ਇੱਕ ਮਹਾਨ ਰਾਜਾ,[28] ਇਹ ਅਨੁਵਾਦ ਯਹੂਦੀ ਲੋਕਾਂ ਅਤੇ ਮਸੀਹਾ ਲੋਕਾਂ ਦੋਹਾਂ ਨੂੰ ਪਸੰਦ ਆਉਂਦਾ ਹੈ। ਦੋਹਾਂ ਸਮੂਹਾਂ ਵਿੱਚੋਂ ਕੁਝ ਲੋਕ ਨੇ ਉਡੀਕ ਸੀ ਕਿ ਇਕ ਰਾਜਨੀਤਿਕ ਮਸੀਹਾ ਆਵੇਗਾ ਜਿਹੜਾ ਗੈਰ ਕੌਮਾਂ ਨੂੰ ਹਰਾ ਦੇਵੇਗਾ ਅਤੇ ਯਰੂਸ਼ਲਮ ਵਿਚ ਦਾਊਦ ਦੇ ਸਿੰਘਾਸਣ ਉੱਤੇ ਰਾਜ ਕਰਦਿਆਂ ਉਨ੍ਹਾਂ ਤੋਂ ਵਡਿਆਈ ਲਵੇਗਾ। ਪਰ, ਅਜਿਹਾ ਦ੍ਰਿਸ਼ ਦੋ ਹਜ਼ਾਰ ਸਾਲ ਪਹਿਲਾਂ ਇਕ ਛੋਟਾ ਵਿਚਾਰ ਸੀ ਜਿਸ ਤੇ ਜ਼ਿਆਦਾਤਰ ਯਹੂਦੀ ਲੋਕਾਂ ਅਤੇ ਮਸੀਹੀ ਲੋਕਾਂ ਨੇ ਸੰਦੇਹ ਕੀਤਾ ਹੈ।

4. "ਜਦ ਤੀਕ ਉਹ ਨਹੀਂ ਆਉਂਦਾ ਜਿਸ ਦਾ ਰਾਜ ਡੰਡਾ ਹੈ।" 49:10 ਦਾ ਜ਼ਿਆਦਾ ਸ਼ਲਾਘਾਯੋਗ ਅਰਥ ਸਮਾਰਿਟਨ ਪੈਂਟਾਟੁਕ ਵਿਚ ਅਤੇ MT ਵਿਚ ਇਸ ਹਵਾਲੇ ਨੂੰ ਵਿਕਲਪਕ ਤੌਰ ਤੇ ਇਬਰਾਨੀ ਵਿਚ ਪੜ੍ਹਨ ਤੇ ਮਿਲਦਾ ਹੈ। ਸ਼ੀਲੋਹ ਲਈ *ਸ਼ੇਯ ਲੋਹ* ਦੀ ਬਜਾਇ, ਉਨ੍ਹਾਂ ਵਿਚ שֶׁלֹּה (*ਸ਼ੇਲੋਹ)* ਹੈ, ਜਿਸ ਦਾ ਅਰਥ ਹੈ "ਇਸ ਦਾ ਇਹ ਹੈ," ਜਿਸ ਨੂੰ ਇਸ ਤਰ੍ਹਾਂ ਪੜ੍ਹਿਆ ਜਾਂਦਾ ਹੈ: "ਜਦ ਤੀਕ ਉਹ ਨਹੀਂ ਆਉਂਦਾ ਜਿਸ ਦਾ [ਰਾਜ ਡੰਡਾ] ਹੈ।" NIV, NLT ਅਤੇ JB ਵਿਚ ਵੀ ਇਹੀ ਸ਼ਬਦ ਹੈ। ਇਕ ਮ੍ਰਿਤ ਸਾਗਰ ਪੋਥੀ (4Q252) 49:10 ਦਾ ਪੀਸ਼ਰ (ਅਰਥ) ਦਿੰਦੀ ਹੈ ਜੋ ਡੰਡੇ ਦੀ ਵਿਆਖਿਆ ਕੁਝ ਇਸ ਤਰ੍ਹਾਂ ਕਰਦੀ ਹੈ "ਸਾਰੀਆਂ ਸਦਾ ਦੀਆਂ ਪੀੜ੍ਹੀਆਂ ਦੇ ਲਈ ਉਸ ਦੇ ਲੋਕਾਂ ਤੇ ਰਾਜ [ਮਸੀਹੀ ਰਾਜ] ਦਾ ਨੇਮ।"[29] ਹਿਜ਼ਕੀਏਲ 21:27 ਵਿਚ ਵੀ ਇਹੋ ਜਿਹਾ ਹੀ ਵਾਕ ਹੈ। ਪਰਮੇਸ਼ੁਰ ਦੇ ਲਈ ਗੱਲ ਕਰਦਿਆਂ, ਨਬੀ ਨੇ ਹਿਜ਼ਕੀਯਾਹ ਰਾਜੇ ਨੂੰ ਆਖਿਆ ਕਿ ਆਪਣੇ ਸਿਰ ਨੂੰ ਤਾਜ ਲਾਹ ਦੇਹ "ਜਦ ਤੀਕ ਉਹ ਨਹੀਂ ਆਉਂਦਾ ਜਿਸ ਦਾ ਇਹ ਹੱਕ ਬਣਦਾ ਹੈ ਅਤੇ ਮੈਂ ਇਹ ਉਸ ਨੂੰ ਦਿਆਂਗਾ।"

49:8-12 ਦੇ ਸਮੁੱਚੇ ਸੰਦਰਭ ਨੂੰ ਧਿਆਨ ਵਿਚ ਰੱਖਦੇ ਹੋਏ, ਇਹ ਪ੍ਰਤੀਤ ਹੁੰਦਾ ਹੈ ਕਿ ਯਾਕੂਬ ਬਾਕੀ ਸਾਰੇ ਗੋਤਾਂ ਤੇ ਯਹੂਦਾਹ ਦੀ ਪ੍ਰਭੁਤਾ ਦੀ ਨਬੂਵਤ ਕਰ ਰਿਹਾ ਹੋਵੇਗਾ। ਪਰ, ਇਹ ਸੈਂਕੜਾਂ ਸਾਲਾਂ ਬਾਅਦ ਸਪੱਸ਼ਟ ਹੋਇਆ, ਜਦੋਂ, ਇਕ ਸ਼ਕਤੀਸ਼ਾਲੀ ਬਬਰ ਸ਼ੇਰ ਅਰਥਾਤ ਯਹੂਦਾਹ ਦੇ ਗੋਤ ਨੇ ਕਨਾਨ ਦੀ ਜਿੱਤ ਵਿਚ ਅਗਵਾਈ ਕੀਤੀ (ਨਿਆਈਆਂ 1:1, 2)। ਜਦੋਂ ਕੁਝ ਹੋਰ ਸਮਾਂ ਬੀਤ ਗਿਆ, ਦਾਊਦ ਯਹੂਦਾਹ ਦੇ ਗੋਤ ਵਿੱਚੋਂ ਉੱਠਿਆ ਅਤੇ ਸਮੂਏਲ ਦੁਆਰਾ ਉਸ ਨੂੰ ਉਸ ਸਮੇਂ ਰਾਜਾ ਦੇ ਤੌਰ ਤੇ ਮਸਹ ਕੀਤਾ ਗਿਆ ਜਦੋਂ ਉਹ ਹਾਲੇ ਮੁੰਡਾ ਹੀ ਸੀ (1 ਸਮੂਏਲ 16:10-13)। ਕਾਫੀ ਸਾਲਾਂ ਬਾਅਦ, ਉਸ ਨੇ ਬਾਰਾਂ ਗੋਤਾਂ ਨੂੰ ਇਕ ਕੀਤਾ ਅਤੇ ਪਰਮੇਸ਼ੁਰ ਦੇ ਮਸਹ ਕੀਤੇ ਹੋਏ (מָשִׁיחַ, *ਮਸ਼ੀਆਚ*[30]) ਦੇ ਰੂਪ ਵਿਚ ਉਨ੍ਹਾਂ ਕੋਲੋਂ ਰਾਜ ਡੰਡਾ ਲਿਆ (2 ਸਮੂਏਲ 5:1-3)। ਆਖ਼ਰਕਾਰ, ਉਸ ਨੇ ਉਨ੍ਹਾਂ ਦੇ ਆਲੇ-ਦੁਆਲੇ ਦੇ ਸਾਰੇ ਦੁਸ਼ਮਣਾਂ ਨੂੰ ਹਰਾਇਆ (2 ਸਮੂਏਲ 8:1-18) ਅਤੇ "ਲੋਕਾਂ ਦੀ ਆਗਿਆਕਾਰੀ" ਪ੍ਰਾਪਤ ਕੀਤੀ (49:10)। ਫਿਰ ਪੁਰਖਿਆਂ ਨੂੰ ਦਿੱਤੇ ਗਏ ਯਹੋਵਾਹ ਦੇ ਵਾਅਦੇ ਹਕੀਕਤ ਬਣ ਗਏ (13:14-17; 15:18-21; 26:3; 28:13; 35:12)। ਯੁੱਧਾਂ ਤੋਂ ਬਾਅਦ, ਯਹੂਦਾਹ ਦੇ ਸ਼ਾਹੀ ਵੰਸ਼ ਨੇ ਸ਼ਾਂਤੀ ਅਤੇ ਖੁਸ਼ਹਾਲੀ ਦੀ ਬਰਕਤ ਹਾਸਲ ਕਰਨੀ ਸੀ।

49:10 ਵਿਚ ਯਾਕੂਬ ਦਾ ਹਵਾਲਾ ਸੱਚਮੁੱਚ ਮਸੀਹਾ ਵੱਲ ਇਸ਼ਾਰਾ ਕਰਦਾ ਜਾਪਦਾ ਹੁੰਦਾ ਹੈ। ਫਿਰ ਵੀ, "ਸ਼ੀਲੋਹ" ਨਾਮ ਨੂੰ ਮਸੀਹ ਦੇ ਲਈ ਇਕ ਨਾਉਂ ਦੇ ਤੌਰ ਤੇ ਨਹੀਂ ਵੇਖਿਆ ਜਾਣਾ ਚਾਹੀਦਾ।

## ਪ੍ਰਾਸੰਗਿਕਤਾ

**ਅਬਰਾਹਾਮ ਦੇ ਵਾਰਸਾਂ ਦਾ ਭਵਿੱਖ ਬਣਾਉਣ ਦੇ ਲਈ ਨਬੂਵਤੀ ਬਰਕਤਾਂ (ਅਧਿਆਇ 49)**

ਯਾਕੂਬ ਨੇ ਆਪਣੇ ਪੁੱਤਰਾਂ ਨੂੰ ਬਰਕਤ ਦੀ ਵਿਰਾਸਤ ਦਿੱਤੀ। ਬਾਈਬਲ ਦੇ ਪ੍ਰਾਚੀਨ

ਸੰਸਾਰ ਵਿਚ, ਇਕ ਪਿਤਾ ਦੇ ਲਈ ਇਹ ਬਹੁਤ ਹੀ ਜ਼ਰੂਰੀ ਹੁੰਦਾ ਸੀ ਕਿ ਜਦੋਂ ਉਹ ਮੌਤ ਦੇ ਨੇੜੇ ਪਹੁੰਚ ਜਾਂਦਾ ਸੀ ਤਾਂ ਆਪਣੇ ਪੁੱਤਰਾਂ ਨੂੰ ਇਕੱਠਾ ਕਰੇ ਅਤੇ ਉਨ੍ਹਾਂ ਨੂੰ ਬਰਕਤਾਂ ਦੇਵੇ। ਇਹ ਖ਼ਾਸਕਰ ਯਾਕੂਬ ਦੇ ਲਈ ਜ਼ਰੂਰੀ ਸੀ। ਅਬਰਾਹਾਮ ਅਤੇ ਇਸਹਾਕ ਦੇ ਰਾਹੀਂ, ਕਨਾਨ ਦੇ ਦੇਸ ਨੂੰ ਸਦਾ ਦੀ ਮਿਲਖ ਦੇ ਰੂਪ ਵਿਚ ਪ੍ਰਾਪਤ ਕਰਨ ਦੇ ਲਈ ਉਸ ਦਾ ਅਤੇ ਉਸ ਦੇ ਪੁੱਤਰਾਂ ਦਾ ਇਕ ਰੱਬੀ ਭਵਿੱਖ ਸੀ ਅਤੇ ਉਨ੍ਹਾਂ ਦੇ ਕਾਰਣ "ਸਰਿਸ਼ਟੀ ਦੇ ਸਾਰੇ ਘਰਾਣਿਆਂ" ਮੁਬਾਰਕ ਹੋਣਾ ਸੀ (12:2, 3; 13:15; 17:5-8; 26:3, 4; 28:13, 14)। ਇਹ ਇਕ ਵਿਸ਼ੇਸ਼ ਅਧਿਕਾਰ ਅਤੇ ਗੰਭੀਰ ਜ਼ਿੰਮੇਵਾਰੀ ਦੋਵੇਂ ਹੀ ਸੀ। ਇਸੇ ਕਰਕੇ ਉਨ੍ਹਾਂ ਵਿੱਚੋਂ ਕੁਝ ਬਰਕਤਾਂ ਸਕਾਰਾਤਮਕ ਬਰਕਤਾਂ ਸਨ ਅਤੇ ਕੁਝ ਸਰਾਪਾਂ ਵਰਗੀਆਂ ਨਕਾਰਾਤਮਕ ਬਰਕਤਾਂ ਸਨ।

ਬਰਕਤਾਂ ਸੁਭਾਅ ਵਿਚ ਨਬੂਵਤੀ ਅਤੇ ਵਸੀਅਤੀ ਸਨ; ਪਰ ਇਸ ਦਾ ਅਰਥ ਇਹ ਹੈ ਕਿ ਯਾਕੂਬ ਦੇ ਪੁੱਤਰਾਂ ਅਤੇ ਉਨ੍ਹਾਂ ਦੀ ਅੰਸ ਦਾ ਸਰੀਰਕ ਅਤੇ ਆਤਮਿਕ ਭਵਿੱਖ ਬਿਨਾਂ ਕਿਸੇ ਇੱਛਾ ਜਾਂ ਬਦਲਾਅ ਦੀ ਸੰਭਾਵਨਾ ਦੇ ਪਹਿਲਾਂ ਤੋਂ ਹੀ ਨਿਰਧਾਰਤ ਕੀਤਾ ਗਿਆ ਸੀ। ਬਾਈਬਲ ਦੀਆਂ ਨਬੂਵਤਾਂ ਨੂੰ ਸਮਝਣ ਦੇ ਲਈ ਅਜ਼ਾਦ ਇੱਛਾ ਅਤੇ ਮਨੁੱਖੀ ਕੰਮ ਹਮੇਸ਼ਾ ਮਹੱਤਵਪੂਰਣ ਪਹਿਲੂ ਹੁੰਦੇ ਹਨ। ਉਨ੍ਹਾਂ ਦੇ ਨਤੀਜੇ ਹਮੇਸ਼ਾ ਉਨ੍ਹਾਂ ਲੋਕਾਂ ਦੀ ਪ੍ਰਤੀਕਿਰਿਆ ਦੁਆਰਾ ਨਿਸ਼ਚਤ ਕੀਤੇ ਜਾਂਦੇ ਸਨ ਜਿਨ੍ਹਾਂ ਨੂੰ ਰੱਬੀ ਨਬੂਵਤਾਂ ਦਿੱਤੀਆਂ ਜਾਂਦੀਆਂ ਸਨ।

ਸ਼ਰਤ ਦਾ ਇਹ ਸਿਧਾਂਤ ਉਸ ਬਰਕਤ ਦੇ ਸੰਬੰਧ ਵਿਚ ਅਹਿਮ ਸੀ ਜੋ ਯਾਕੂਬ ਦੇ ਹਰੇਕ ਪੁੱਤਰ ਨੂੰ ਦਿੱਤੀ ਗਈ ਸੀ। ਉਨ੍ਹਾਂ ਦੀ ਅੰਸ ਬਾਰਾਂ ਗੋਤ ਬਣ ਜਾਵੇਗੀ ਅਤੇ ਕਈ ਪੀੜ੍ਹੀਆਂ ਦੀ ਗੁਲਾਮੀ ਤੋਂ ਬਾਅਦ ਮਿਸਰ ਨੂੰ ਛੱਡ ਕੇ ਚਲੀ ਜਾਵੇਗੀ (15:13, 16; ਕੂਚ 12:40, 41)। ਫਿਰ ਉਹ ਉਨ੍ਹਾਂ ਦੇ ਪੱਕੇ ਜਾਂ ਸਥਾਈ ਘਰ ਦੇ ਰੂਪ ਵਿਚ ਕਨਾਨ ਵਿਚ ਦਾਖਲ ਹੋਣਗੇ ਅਤੇ ਉੱਥੇ ਹੀ ਵੱਸ ਜਾਣਗੇ। ਨਾਈਲ ਡੈਲਟਾ ਦੇ ਪੱਛਮੀ ਕਿਨਾਰਿਆਂ ਤੇ ਲੰਬੇ ਸਮੇਂ ਤੱਕ ਟਿਕੇ ਰਹਿਣ ਦੌਰਾਨ, ਉਨ੍ਹਾਂ ਨੇ ਮਿਸਰ ਦੇ ਦੇਵਤਿਆਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਸੀ (ਯਹੋਸ਼ੁਆ 24:14)। ਇਸੇ ਕਰਕੇ ਉਨ੍ਹਾਂ ਵਿੱਚੋਂ ਕਈਆਂ ਨੇ ਸੀਨਈ ਪਹਾੜ ਦੇ ਥੱਲੇ ਸੋਨੇ ਦੇ ਬੱਛੇ ਦੀ ਪੂਜਾ ਕੀਤੀ ਸੀ (ਕੂਚ 32:4), ਜਿਸ ਦਾ ਨਤੀਜਾ ਇਹ ਹੋਇਆ ਕਿ ਤਿੰਨ ਹਾਜ਼ਰ ਮਨੁੱਖ ਉਸੇ ਦਿਨ ਹੀ ਮਰ ਗਏ (ਕੂਚ 32:5-8, 25-28)। ਬਆਲ ਦੀ ਪੂਜਾ ਲੋਕਾਂ ਦੇ ਲਈ ਬਹੁਤ ਜ਼ਿਆਦਾ ਲੁਭਾਉਣੀ ਸੀ ਕਿਉਂਕਿ ਇਸ ਵਿਚ ਭੋਜਨ ਦੇ ਨਾਲ-ਨਾਲ, ਸ਼ਰਾਬ ਪੀਣਾ ਅਤੇ ਪਵਿੱਤਰ ਵੇਸਵਾਵਾਂ ਨਾਲ ਸੰਭੋਗ ਕਰਨਾ ਵੀ ਸ਼ਾਮਲ ਹੁੰਦਾ ਸੀ। ਬਹੁਤ ਸਾਰੇ ਇਸਰਾਏਲੀ ਲੋਕ, ਕਨਾਨ ਵਿਚ ਦਾਖਲ ਹੋਣ ਤੋਂ ਪਹਿਲਾਂ, ਅਜਿਹੇ ਪਰਤਾਵਿਆਂ ਦਾ ਸ਼ਿਕਾਰ ਹੋ ਗਏ (ਗਿਣਤੀ 25:1-9)।

ਅਬਰਾਹਾਮ ਦੀ ਅੰਸ ਨੇ ਇਹ ਸੋਚਣਾ ਸ਼ੁਰੂ ਕਰ ਦਿੱਤਾ ਕਿ ਪਰਮੇਸ਼ੁਰ ਕਨਾਨ ਵਿਚ ਕਦੇ ਕੁਝ ਅਜਿਹਾ ਨਹੀਂ ਹੋਣ ਦੇਵੇਗਾ ਜੋ ਕਿ ਉਨ੍ਹਾਂ ਦੀ ਮਿਲਖ ਨੂੰ ਖ਼ਤਰੇ ਵਿਚ ਪਾ ਦੇਵੇ। ਉਨ੍ਹਾਂ ਨੇ ਪੁਰਖਿਆਂ ਦੀ ਅੰਸ ਨੂੰ ਕਨਾਨ ਦੀ ਸਾਰੀ ਧਰਤੀ ਨੂੰ "ਸਦਾ ਦੀ ਮਿਲਖ" ਦੇ ਰੂਪ ਵਿਚ ਦੇਣ ਦੀ ਪਰਮੇਸ਼ੁਰ ਦੀ ਸੌਂਹ ਵਿਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕੀਤਾ (13:15; 17:8) ਅਤੇ ਸੋਚਿਆ ਕਿ ਇਹ ਕਦੇ ਨਾ ਬਦਲਣ ਵਾਲਾ ਵਾਅਦਾ ਹੈ। ਮੂਸਾ ਨੂੰ ਇਸ ਖ਼ਤਰਨਾਕ ਵਿਚਾਰ ਬਾਰੇ ਪਤਾ ਲੱਗ ਗਿਆ ਅਤੇ ਉਸ ਨੇ ਉਜਾੜ ਵਿਚ ਆਪਣੇ ਇਕ ਉਪਦੇਸ਼ ਵਿਚ ਸਖਤ ਸ਼ਬਦਾਂ ਵਿਚ ਲੋਕਾਂ ਨੂੰ ਚਿਤਾਵਨੀ ਦਿੱਤੀ:

> ਐਉਂ ਹੋਵੇਗਾ ਕਿ ਜਦ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਨੂੰ ਉਸ ਧਰਤੀ ਵਿੱਚ ਜਿਹ ਦੇ ਤੁਹਾਨੂੰ ਦੇਣ ਦੀ ਸੌਂਹ [שָׁבַע, *ਸ਼ਾਬਾ*] ਤੁਹਾਡੇ ਪਿਉ ਦਾਦਿਆਂ ਨਾਲ ਅਰਥਾਤ ਅਬਰਾਹਾਮ, ਇਸਹਾਕ ਅਤੇ ਯਾਕੂਬ ਨਾਲ ਖਾਧੀ ਸੀ ਲਿਆਵੇਗਾ ... ਤਾਂ ਤੁਸੀਂ ਚੌਕਸ ਰਹਿਓ, ਮਤੇ ਤੁਸੀਂ ਯਹੋਵਾਹ ਨੂੰ ਵਿੱਸਰ ਜਾਓ ...। ਤੁਸੀਂ ਦੂਜੇ ਦੇਵਤਿਆਂ ਦੇ ਪਿੱਛੇ ਨਾ ਜਾਇਓ ਅਰਥਾਤ ਉਨ੍ਹਾਂ

ਲੋਕਾਂ ਦੇ ਦੇਵਤਿਆਂ ਦੇ ਪਿੱਛੇ ਜਿਹੜੇ ਤੁਹਾਡੇ ਆਲੇ ਦੁਆਲੇ ਹਨ। ਕਿਉਂ ਜੋ ਯਹੋਵਾਹ ਤੁਹਾਡਾ ਪਰਮੇਸ਼ੁਰ ਜਿਹੜਾ ਤੁਹਾਡੇ ਵਿੱਚ ਹੈ ਇੱਕ ਅਣਖ ਵਾਲਾ ਪਰਮੇਸ਼ੁਰ ਹੈ ਅਜੇਹਾ ਨਾ ਹੋਵੇ ਕਿ ਯਹੋਵਾਹ ਤੁਹਾਡੇ ਪਰਮੇਸ਼ੁਰ ਦਾ ਕ੍ਰੋਧ ਤੁਹਾਡੇ ਉੱਤੇ ਭੜਕੇ ਅਤੇ ਉਹ ਤੁਹਾਨੂੰ ਜ਼ਮੀਨ ਉੱਤੋਂ ਮਿਟਾ ਦੇਵੇ (ਬਿਵਸਥਾ ਸਾਰ 6:10-15)।

ਮੂਸਾ ਦੀ ਚਿਤਾਵਨੀ ਸਿੱਧੀ ਅਤੇ ਮਜਬੂਰ ਕਰਨ ਵਾਲੀ ਸੀ: ਜੇਕਰ ਇਸਰਾਏਲ ਯਹੋਵਾਹ ਦੇ ਪ੍ਰਤੀ ਵਫ਼ਾਦਾਰ ਨਾ ਰਹਿੰਦਾ, ਲੋਕਾਂ ਨੇ ਨਾ ਸਿਰਫ ਉਸ ਦੇਸ ਨੂੰ ਗੁਆਉਣਾ ਸੀ, ਪਰ ਇਕ ਕੌਮ ਦੇ ਰੂਪ ਵਿਚ ਉਨ੍ਹਾਂ ਦਾ ਵਜੂਦ ਵੀ ਖਤਮ ਹੋ ਜਾਣਾ ਸੀ। ਇਸ ਦਾ ਅਰਥ ਇਹ ਹੈ ਕਿ ਯਾਕੂਬ ਦੁਆਰਾ ਦਿੱਤੀਆਂ ਗਈਆਂ ਬਰਕਤਾਂ ਦੇਸ ਵਿਚ ਪਰਮੇਸ਼ੁਰ ਦੇ ਲੋਕਾਂ ਦਾ ਬਚਣਾ ਸ਼ਰਤੀਆ ਸੀ, ਹਾਲਾਂਕਿ ਪਰਮੇਸ਼ੁਰ ਨੇ ਇਸ ਗੱਲ ਦੀ ਸੌਂਹ ਖਾਧੀ ਸੀ ਕਿ ਉਨ੍ਹਾਂ ਨੂੰ ਇਹ ਧਰਤੀ ਜਾਂ ਦੇਸ ਸਦਾ ਦੀ ਮਿਲਖ ਦੇ ਰੂਪ ਵਿਚ ਮਿਲੇਗਾ।[31]

ਕਨਾਨ ਦੀ ਜਿੱਤ ਅਸਾਨੀ ਨਾਲ ਨਹੀਂ ਸੀ ਮਿਲੀ। ਯਰੀਹੋ ਵਿਚ ਮਿਲੀ ਵੱਡੀ ਜਿੱਤ ਤੋਂ ਬਾਅਦ ਵੀ, ਇਸਰਾਏਲ ਦੇ ਡੇਰੇ ਵਿਚ ਪਾਪ ਪਾਇਆ ਗਿਆ ਸੀ। ਇਸ ਦੇ ਕਾਰਣ ਅਈ ਵਿਚ ਉਨ੍ਹਾਂ ਦੀ ਹਾਰ ਹੋਈ (ਯਹੋਸ਼ੁਆ 7:1-12) ਅਤੇ ਪਾਪ ਇਸਰਾਏਲੀਆਂ ਦੇ ਰਾਹ ਵਿਚ ਰੋੜਾ ਬਣਦਾ ਰਿਹਾ। ਕਈ ਸਾਲਾਂ ਬਾਅਦ, ਜਦੋਂ "ਯਹੋਸ਼ੁਆ ਬੁੱਢਾ" ਸੀ ਅਤੇ ਇਸਰਾਏਲ ਦੇ ਲਈ "ਬਹੁਤ ਸਾਰੀ ਧਰਤੀ" ਕਬਜ਼ਾ ਕਰਨ ਲਈ ਅਜੇ ਬਾਕੀ ਸੀ (ਯਹੋਸ਼ੁਆ 13:1) ਬੁੱਢੇ ਆਗੂ ਨੇ ਇਸਰਾਏਲੀ ਲੋਕਾਂ ਦੇ ਅੱਗੇ ਤਰਲੇ ਕੀਤੇ ਕਿ ਤੁਸੀਂ ਓਪਰੇ ਦੇਵਤਿਆਂ ਨੂੰ ਆਪਣੇ ਵਿੱਚੋਂ "ਕੱਢ ਦਿਓ" (ਯਹੋਸ਼ੁਆ 24:14, 15)। ਪਰ, ਉਹ ਇਸ ਤਰ੍ਹਾਂ ਕਰਨ ਵਿਚ ਅਸਫ਼ਲ ਰਹੇ। ਯਹੋਸ਼ੁਆ ਦੀ ਮੌਤ ਦੇ ਬਾਅਦ ਵੀ ਕਨਾਨ ਵਿਚ ਹਾਲੇ ਵੀ ਕਈ ਇਹੋ ਜਿਹੀਆਂ ਥਾਵਾਂ ਸਨ ਜੋ ਕਨਾਨੀਆਂ ਦੇ ਗੜ੍ਹ ਸਨ ਅਤੇ ਉਨ੍ਹਾਂ ਦੀਆਂ ਗੈਰ-ਯਹੂਦੀ ਰੀਤਾਂ ਇਸਰਾਏਲ ਦੇ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ (ਨਿਆਈਆਂ 1:1)।

ਨਿਆਈਆਂ ਦਾ ਸਮਾਂ ਇਸਰਾਏਲ ਦੇ ਲੋਕਾਂ ਦੇ ਲਈ ਵਿਨਾਸ਼ਕਾਰੀ ਸੀ। ਬਾਰ-ਬਾਰ, ਯਹੂਦੀ ਲੋਕਾਂ ਨੇ ਪਰਮੇਸ਼ੁਰ ਵੱਲੋਂ ਆਪਣਾ ਮੂੰਹ ਮੋੜਿਆ ਅਤੇ "ਬਆਲ ਅਤੇ ਅਸਤਾਰੋਥ" ਦੀ ਪੂਜਾ ਕੀਤੀ (ਨਿਆਈਆਂ 2:13)। ਨਤੀਜੇ ਵਜੋਂ, ਯਹੋਵਾਹ ਨੇ ਲੁਟੇਰਿਆਂ ਨੂੰ ਉਨ੍ਹਾਂ ਤੇ ਹਾਵੀ ਹੋਣ ਦਿੱਤਾ ਜਿਨ੍ਹਾਂ ਨੇ ਉਨ੍ਹਾਂ ਵਿਚ ਤਬਾਹੀ ਮਚਾ ਦਿੱਤੀ। ਆਖ਼ਰੀ ਨਿਆਈ ਸਮੂਏਲ ਨੇ ਸ਼ਾਊਲ ਨੂੰ ਇਸਰਾਏਲ ਦੇ ਪਹਿਲੇ ਰਾਜੇ ਦੇ ਰੂਪ ਵਿਚ ਮਸਹ ਕੀਤਾ ਸੀ; ਪਰ ਉਸ ਦਾ ਰਾਜ ਕੌਮ ਦੇ ਲਈ ਵਿਨਾਸ਼ਕਾਰੀ ਸੀ। ਅੰਤ ਵਿਚ, ਦਾਊਦ ਦੇ ਰਾਜ ਦੇ ਦੌਰਾਨ, ਇਸਰਾਏਲ ਨੇ ਆਪਣੇ ਵੈਰੀਆਂ ਦੇ ਵਿਰੁੱਧ ਬਹੁਤ ਸਾਰੀ ਸਫ਼ਲਤਾ ਦਾ ਅਨੰਦ ਮਾਣਿਆ ਸੀ। ਦਾਊਦ ਦੇ ਪੁੱਤਰ ਅਤੇ ਵਾਰਸ, ਸੁਲੇਮਾਨ ਨੇ ਗੈਰ-ਯਹੂਦੀ ਤੀਵੀਆਂ ਅਤੇ ਉਨ੍ਹਾਂ ਦੇ ਦੇਵਤਿਆਂ ਦੇ ਮੰਦਿਰਾਂ ਨਾਲ ਯਰੂਸ਼ਲਮ ਨੂੰ ਭਰਨ ਦੇ ਦੁਆਰਾ ਨੈਤਿਕ ਅਤੇ ਆਤਮਿਕ ਚਰਿੱਤਰ ਨੂੰ ਲਗਭਗ ਬਰਬਾਦ ਕਰ ਦਿੱਤਾ ਸੀ (1 ਰਾਜਿਆਂ 11:1-10)। ਪਰਮੇਸ਼ੁਰ ਸੁਲੇਮਾਨ ਨਾਲ ਕ੍ਰੋਧਿਤ ਸੀ ਅਤੇ ਉਸ ਨੇ ਰਾਜਾ ਨੂੰ ਚਿਤਾਵਨੀ ਦਿੱਤੀ ਕਿ ਉਸ ਦੀ ਮੌਤ ਤੋਂ ਬਾਅਦ, ਰਾਜ ਦੋ ਹਿੱਸਿਆਂ ਵਿਚ ਵੰਡ ਜਾਵੇਗਾ: ਉੱਤਰ ਵਿਚ ਇਸਰਾਏਲ ਦਾ ਰਾਜ ਅਤੇ ਦੱਖਣ ਵਿਚ ਯਹੂਦਾਹ ਦਾ ਰਾਜ।

ਜਦ ਰਾਜ ਵੰਡਿਆ ਗਿਆ, ਦੋ ਵੱਖ-ਵੱਖ ਕੌਮਾਂ ਦਾ ਪਤਨ ਹੋਣਾ ਸ਼ੁਰੂ ਹੋ ਗਿਆ। ਉਨ੍ਹਾਂ ਨੇ ਗ੍ਰਹਿ ਯੁੱਧ ਲੜਨ ਦੁਆਰਾ ਆਪਣੇ ਆਪ ਨੂੰ ਕਮਜ਼ੋਰ ਕਰ ਲਿਆ ਅਤੇ ਦੋਵਾਂ ਨੇ ਓਪਰੀਆਂ ਸ਼ਕਤੀਆਂ ਵਿਰੁੱਧ ਆਪਣੀ ਪਛਾਣ ਨੂੰ ਕਾਇਮ ਰੱਖਣ ਦੇ ਲਈ ਬਹੁਤ ਜੱਦੋ-ਜਹਿਦ ਕੀਤੀ। ਹਰੇਕ ਰਾਜਾ ਜਿਸ ਨੇ ਇਸਰਾਏਲ ਦੇ ਉੱਤਰੀ ਰਾਜ ਉੱਤੇ ਰਾਜ ਕੀਤਾ ਸੀ ਮੂਰਤੀਪੂਜਕ ਸੀ। ਲੋਕਾਂ ਨੇ ਏਲੀਯਾਹ, ਅਲੀਸ਼ਾ ਅਤੇ ਹੋਰ ਨਬੀਆਂ ਦੀਆਂ ਗੱਲਾਂ ਉੱਤੇ ਧਿਆਨ ਦੇਣ ਤੋਂ ਇਨਕਾਰ

ਕਰ ਦਿੱਤਾ; ਉਨ੍ਹਾਂ ਨੇ ਉਨ੍ਹਾਂ ਦੀਆਂ ਮੂਰਤੀਆਂ ਨੂੰ ਬਾਹਰ ਨਹੀਂ ਕੱਢਿਆ ਅਤੇ ਪਰਮੇਸ਼ੁਰ ਦੀ ਵੱਲ ਨਹੀਂ ਮੁੜੇ। ਮੂਰਤੀਪੂਜਾ ਕਰਨ ਅਤੇ ਪਰਮੇਸ਼ੁਰ ਵਿਰੁੱਧ ਲਗਭਗ ਦੋ ਸੌ ਸਾਲਾਂ ਤੱਕ ਬਗਾਵਤ ਕਰਨ ਤੋਂ ਬਾਅਦ, 722 ਈ.ਪੂ. ਵਿਚ ਅਸ਼ੂਰੀਆਂ ਨੇ ਉੱਤਰੀ ਰਾਜ ਤੇ ਹਮਲਾ ਕਰਕੇ ਇਸ ਨੂੰ ਤਬਾਹ ਕਰ ਦਿੱਤਾ ਅਤੇ ਇਹ ਰਾਜ ਫੇਰ ਕਦੇ ਨਹੀਂ ਉੱਠ ਸਕਿਆ (2 ਰਾਜਿਆ 18:9-12)।

ਦੱਖਣੀ ਰਾਜ ਦਾ ਅੰਤ ਵੀ ਕੁਝ ਇਸੇ ਤਰ੍ਹਾਂ ਹੀ ਹੋਇਆ ਸੀ, ਹਾਲਾਂਕਿ ਇਹ ਉੱਤਰੀ ਰਾਜ ਤੋਂ ਵੱਧ ਦੇਰ ਤੱਕ ਲਗਭਗ 136 ਸਾਲਾਂ ਅਰਥਾਤ 586 ਈ.ਪੂ. ਤੱਕ ਬਚਿਆ ਰਿਹਾ। ਉਨ੍ਹਾਂ ਦੇ ਇੰਨੀ ਵੱਧ ਦੇਰ ਤੱਕ ਬਚੇ ਰਹਿਣ ਦਾ ਕਾਰਣ ਇਹ ਸੀ ਕਿ ਉਨ੍ਹਾਂ ਦੇ ਵਿਚ ਯਹੋਸ਼ਾਫਾਟ, ਹਿਜ਼ਕੀਯਾਹ ਅਤੇ ਯੋਸੀਯਾਹ ਵਰਗੇ ਕੁਝ ਚੰਗੇ ਰਾਜੇ ਹੋਏ ਸਨ। ਯੋਸੀਯਾਹ ਦੀ ਮੌਤ ਤੋਂ ਬਾਅਦ, ਯਰੂਸ਼ਲਮ ਵਿਚ ਸਿਲਸਲੇਵਾਰ ਮੂਰਤੀਪੂਜਕ ਰਾਜਿਆਂ ਨੇ ਰਾਜ ਕੀਤਾ। ਯਰੂਸ਼ਲਮ ਮੂਰਤੀਆਂ ਅਤੇ ਗੈਰ-ਯਹੂਦੀ ਮੰਦਿਰਾਂ ਨਾਲ ਭਰਿਆ ਪਿਆ ਸੀ। ਘਾਟੀ ਵਿਚ ਨਗਰ ਦੇ ਦੱਖਣੀ ਹਿੱਸੇ ਵਿਚ, ਇਸਰਾਏਲੀਆਂ ਨੇ ਮੋਲਕ ਅਤੇ ਬਆਲ ਦੇਵਤਿਆਂ ਦੇ ਅੱਗੇ ਮਨੁੱਖ ਦੀਆਂ ਬਲੀਆਂ ਦੇ ਰੂਪ ਵਿਚ ਆਪਣੇ ਪੁੱਤਰਾਂ ਅਤੇ ਧੀਆਂ ਨੂੰ ਸਾੜਿਆ (2 ਰਾਜਿਆਂ 23:10; ਯਿਰਮਿਯਾਹ 19:4-6)।

ਬੰਦਗੀ ਦੇ ਨਾਮ ਵਿਚ ਹੋ ਰਹੇ ਇਨ੍ਹਾਂ ਖ਼ੂਨੀ ਅੱਤਿਆਚਾਰਾਂ ਵਿਚ, ਪਰਮੇਸ਼ੁਰ ਨੇ ਯਿਰਮਿਯਾਹ ਨੂੰ ਆਖਿਆ ਕਿ ਉੱਠ ਅਤੇ ਘੁਮਿਆਰ ਦੇ ਘਰ ਨੂੰ ਉੱਤਰ ਜਾਹ ਅਤੇ ਘੁਮਿਆਰ ਨੂੰ ਚੱਕ ਉੱਤੇ ਭਾਂਡਾ ਬਣਾਉਂਦਿਆਂ ਵੇਖ (ਯਿਰਮਿਯਾਹ 18:1, 2)। ਜਦੋਂ ਮਿੱਟੀ ਵਿਗੜ ਜਾਂਦੀ ਸੀ ਕਿਉਂਕਿ ਇਹ ਘੁਮਿਆਰ ਦੇ ਕੰਮ ਵਿਚ ਰੁਕਾਵਟ ਪਾਉਂਦੀ ਸੀ, ਉਹ ਇਸ ਨੂੰ ਫੇਰ ਬਣਾਉਂਦਾ ਸੀ, ਤਾਂ ਕਿ ਇਹ ਭਾਂਡਾ ਵਰਤਣਯੋਗ ਬਣ ਸਕੇ। ਜੇਕਰ ਇਹ ਮਿੱਟੀ ਘੁਮਿਆਰ ਦੀਆਂ ਉਂਗਲੀਆਂ ਦੀ ਕਾਰੀਗਰੀ ਦਾ ਵਿਰੋਧ ਕਰਨਾ ਜਾਰੀ ਰੱਖਦੀ ਸੀ ਅਤੇ ਕਠੋਰ ਰਹਿੰਦੀ ਸੀ ਤਾਂ ਕਿ ਇਹ ਵਰਤੀ ਨਾ ਜਾਵੇ, ਇਹ ਉਸ ਕੰਮ ਨੂੰ ਪੂਰਾ ਕਰਨ ਵਿਚ ਅਸਮਰੱਥ ਹੁੰਦੀ ਸੀ ਜਿਸ ਦੇ ਲਈ ਘੁਮਿਆਰ ਉਸ ਨੂੰ ਬਣਾ ਰਿਹਾ ਸੀ (ਯਿਰਮਿਯਾਹ 18:3, 4)। ਇਸਰਾਏਲ ਪਰਮੇਸ਼ੁਰ ਦੇ ਹੱਥਾਂ ਵਿਚ ਮਿੱਟੀ ਦੇ ਵਾਂਗ ਸੀ। ਹਾਲਾਂਕਿ ਲੋਕ ਉਸ ਦੀ ਇੱਛਾ ਦੇ ਪ੍ਰਤੀ ਅਣਆਗਿਆਕਾਰ ਸਨ, ਯਹੋਵਾਹ ਨੇ ਉਨ੍ਹਾਂ ਨੂੰ ਆਦਰ ਦਾ ਭਾਂਡਾ ਬਣਾਉਣ ਦੀ ਆਪਣੀ ਕੋਸ਼ਿਸ਼ ਜਾਰੀ ਰੱਖੀ ਤਾਂ ਕਿ ਉਹ ਪ੍ਰਾਚੀਨ ਗੈਰ-ਯਹੂਦੀ ਸੰਸਾਰ ਨੂੰ ਆਪਣੀ ਧਾਰਮਿਕਤਾ ਅਤੇ ਪਵਿੱਤਰਤਾਈ ਵਿਖਾਉਣ ਦੇ ਲਈ ਉਨ੍ਹਾਂ ਨੂੰ ਇਸਤੇਮਾਲ ਕਰ ਸਕੇ। ਕਿਉਂਕਿ ਉਨ੍ਹਾਂ ਨੇ ਉਨ੍ਹਾਂ ਨੂੰ ਮੋੜਨ ਅਤੇ ਉਨ੍ਹਾਂ ਨੂੰ ਆਪਣੇ ਆਪ ਨੂੰ ਘਿਣਾਉਣੀ ਮੂਰਤੀਪੂਜਾ ਅਤੇ ਹਰਾਮਕਾਰੀ ਤੋਂ ਬਚਾਉਣ ਦੀਆਂ ਪਰਮੇਸ਼ੁਰ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕੀਤਾ ਸੀ, ਸਿਰਫ ਇੱਕੋ ਗੱਲ ਬਚੀ ਸੀ ਅਤੇ ਉਹ ਸੀ ਦਾਊਦ ਦੇ ਰਾਜ ਨੂੰ ਤਬਾਹ ਕਰਨਾ ਜਿਵੇਂ ਘੁਮਿਆਰ ਇਕ ਭਾਂਡੇ ਨੂੰ ਵਿਗਾੜ ਦਿੰਦਾ ਹੈ ਜਿਸ ਦੀ ਮੁਰੰਮਤ ਨਹੀਂ ਕੀਤੀ ਜਾ ਸਕਦੀ (ਯਿਰਮਿਯਾਹ 18:3-12; 19:10, 11)। ਬਿਲਕੁਲ ਇਸੇ ਤਰ੍ਹਾਂ ਹੀ ਹੋਇਆ ਸੀ: ਬਾਬਲ ਦੇ ਲੋਕ ਉਹ ਜ਼ਰੀਆ ਬਣੇ ਜਿਨ੍ਹਾਂ ਨੂੰ ਯਹੋਵਾਹ ਨੇ ਉਸ ਬਾਕੀ ਬਚੇ ਹੋਏ ਆਖ਼ਰੀ ਰਾਜ ਨੂੰ ਬਰਬਾਦ ਕਰਨ ਦੇ ਲਈ ਇਸਤੇਮਾਲ ਕੀਤਾ ਜੋ ਇਕ ਸਮੇਂ ਦਾਊਦ ਦਾ ਰਾਜ ਸੀ ਅਤੇ ਇਸਰਾਏਲੀਆਂ ਨੂੰ ਲਗਭਗ ਸੱਤਰ ਸਾਲਾਂ ਦੇ ਲਈ ਬਾਬਲ ਦੀ ਅਸੀਰੀ ਵਿਚ ਲਿਜਾਇਆ ਗਿਆ (2 ਇਤਹਾਸ 36:21; ਦਾਨੀਏਲ 9:2)।

ਇਸਰਾਏਲ ਦਾ ਇਤਹਾਸ ਸਾਫ਼ ਤਰੀਕੇ ਨਾਲ ਵਿਖਾਉਂਦਾ ਹੈ ਕਿ ਅਬਰਾਹਾਮ, ਇਸਹਾਕ ਅਤੇ ਯਾਕੂਬ ਨਾਲ ਕੀਤੇ ਗਏ ਵਾਇਦੇ ਅਤੇ ਉਹ ਬਰਕਤਾਂ ਜੋ ਯਾਕੂਬ ਨੇ ਆਪਣੇ ਪੁੱਤਰਾਂ ਨੂੰ ਦਿੱਤੀਆਂ ਸਨ ਪਹਿਲਾਂ ਤੋਂ ਹੀ ਨਿਰਧਾਰਤ ਘਟਨਾਵਾਂ ਦੀਆਂ ਨਬੂਵਤਾਂ ਦੀ ਗਰੰਟੀ ਨਹੀਂ ਸੀ ਦਿੰਦੀਆਂ। ਬਲਕਿ, ਉਨ੍ਹਾਂ ਵਿਚ ਇਸਰਾਏਲ ਦੇ ਸੰਭਾਵਿਤ ਭਵਿੱਖ ਦੀ ਸਿਰਫ ਸੰਖੇਪ, ਸ਼ਰਤੀਆ ਅਤੇ ਅਧੂਰੀ ਰੂਪਰੇਖਾ ਸ਼ਾਮਲ ਹੈ। ਯਾਕੂਬ ਦੇ ਸ਼ਬਦਾਂ ਵਿਚ, ਅਸੀਂ ਕਨਾਨ ਵਿਚ ਰਹਿਣ ਵਾਲੇ

ਬਾਰਾਂ ਗੋਤਾਂ ਦੀਆਂ ਆਮ ਵਿਸ਼ੇਸ਼ਤਾਵਾਂ ਵੇਖਦੇ ਹਾਂ: ਉਹ ਕਿੱਥੇ ਰਹਿਣਗੇ, ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਅਤੇ ਉਨ੍ਹਾਂ ਵਿੱਚੋਂ ਕੁਝ ਲੋਕ ਕਿਵੇਂ ਰੋਜ਼ੀ ਰੋਟੀ ਕਮਾਉਣਗੇ। ਉਸ ਦੀਆਂ ਗੱਲਾਂ ਨੇ ਗੋਤਾਂ ਦੇ ਆਤਮਿਕ ਭਵਿੱਖ ਨੂੰ ਪਹਿਲਾਂ ਤੋਂ ਹੀ ਤੈਅ ਨਹੀਂ ਸੀ ਕੀਤਾ। ਹੇਠ ਲਿਖੇ ਅਨੁਸਾਰ ਸਿਰਫ ਵਿਸ਼ੇਸ਼ ਸਰੀਰਕ ਪਹਿਲੂ ਪੂਰੇ ਹੋਏ ਸਨ: (1) ਰਊਬੇਨ ਦੀ ਥਾਂ ਤੇ, ਯੂਸੁਫ਼ ਨੂੰ ਜ਼ਮੀਨ ਦਾ ਦੁਗਣਾ ਹਿੱਸਾ ਦਿੱਤਾ ਗਿਆ ਸੀ, ਕਿਉਂਕਿ ਇਫ਼ਰਾਈਮ ਅਤੇ ਮਨੱਸ਼ਹ ਨੂੰ ਜ਼ਮੀਨ ਦਾ ਆਪਣਾ-ਆਪਣਾ ਹਿੱਸਾ ਮਿਲਿਆ ਸੀ। (2) ਸ਼ਿਮਓਨ ਦਾ ਵੰਸ਼ ਯਹੂਦਾਹ ਦੇ ਇਲਾਕੇ ਵਿਚ ਖਿੰਡਿਆ ਹੋਇਆ ਸੀ, ਜਦ ਕਿ ਲੇਵੀ ਦੇ ਵੰਸ਼ ਨੂੰ ਸਾਰਿਆਂ ਬਾਰਾਂ ਗੋਤਾਂ ਵਿਚ ਸ਼ਹਿਰ ਮਿਲੇ। (3) ਯਹੂਦਾਹ ਦੀ ਅੰਸ ਮੁੱਖ ਗੋਤ ਬਣੀ ਅਤੇ ਆਖ਼ਰ ਵਿਚ ਉਸ ਦੇ ਵਿੱਚੋਂ ਇਕ ਰਾਜਾ (ਦਾਊਦ) ਪੈਦਾ ਹੋਇਆ ਜਿਸ ਦੇ ਕੋਲ ਰਾਜ ਡੰਡਾ ਅਤੇ ਹਾਕਮ ਦਾ ਸੋਟਾ ਸੀ ਜਿਹੜਾ ਕਿ ਇਸਰਾਏਲ ਦੇ ਸਾਰਿਆਂ ਬਾਰਾਂ ਗੋਤਾਂ ਉੱਤੇ ਉਸ ਦੇ ਰਾਜ ਦਾ ਪ੍ਰਤੀਕ ਸੀ। ਯਰੂਸ਼ਲਮ ਦੀ ਦਰਦਨਾਕ ਬਰਬਾਦੀ ਸਾਫ਼ ਤੌਰ ਤੇ ਇਹ ਦੱਸਦੀ ਹੈ ਕਿ ਇਬਰਾਨੀ ਸ਼ਬਦ *ਓਲਮ* ("ਸਦਾ ਦੇ ਲਈ") ਦਾ ਅਸਲ ਵਿਚ ਅਰਥ ਸੀ "ਜੁੱਗੋ ਜੁੱਗ" ਅਤੇ ਉਹ "ਜੁੱਗ" 586 ਈ.ਪੂ. ਵਿਚ ਖਤਮ ਹੋਇਆ ਸੀ।

ਯਹੂਦੀ ਰਾਜ ਦੇ ਨਾਸ ਅਤੇ ਵਾਇਦੇ ਕੀਤੇ ਦੇਸ ਦੀ ਹਾਨੀ ਦਾ ਇਹ ਅਰਥ ਨਹੀਂ ਸੀ ਕਿ ਪਰਮੇਸ਼ੁਰ ਦੇ ਵਾਇਦੇ ਅਸਫਲ ਹੋ ਗਏ ਸਨ। ਰਾਜ ਖੁਦ ਇੱਕ ਸੀਮਿਤ ਰਾਜਨੀਤਿਕ ਅਤੇ ਫ਼ੌਜੀ ਇਕਾਈ ਸੀ। *ਓਲਮ* ਦੀ ਗਲਤ ਵਿਆਖਿਆ ਦੇ ਬਾਵਜੂਦ, ਉਸ ਰਾਜ ਨੇ ਸਦਾ ਦੇ ਲਈ ਨਹੀਂ ਰਹਿਣਾ ਸੀ। ਪੁਰਖਿਆਂ ਦਾ ਬੁਨਿਆਦੀ ਕੰਮ ਧਰਤੀ ਦੇ ਸਾਰੇ ਘਰਾਣਿਆਂ ਦੇ ਲਈ ਪਰਮੇਸ਼ੁਰ ਦੀਆਂ ਬਖਸ਼ਿਸ਼ਾਂ ਦਾ ਇੱਕ ਸਾਧਨ ਬਣਨਾ ਸੀ। ਉਸ ਵਿਚ ਇੱਕ ਵਿਸ਼ਵ-ਵਿਆਪੀ ਅਸਥਾਈ ਰਾਜ ਦੀ ਸਥਾਪਨਾ ਕਰਨ ਦੀ ਲੋੜ ਨਹੀਂ ਸੀ। ਅਜਿਹੇ ਨਿਸ਼ਾਨੇ ਨੂੰ ਸਿਰਫ ਸੈਨਾ ਸ਼ਕਤੀ ਦੇ ਦੁਆਰਾ ਪੂਰਾ ਕੀਤਾ ਜਾ ਸਕਦਾ ਹੈ, ਜਿਸ ਵਿਚ ਅਣਗਿਣਤ ਲੱਖਾਂ ਲੋਕ ਮਾਰੇ ਗਏ ਸਨ। ਟੈਸਿਟਸ ਨਾਮਕ ਇੱਕ ਰੋਮੀ ਇਤਹਾਸਕਾਰ ਨੇ, ਕੈਸਰ ਦੁਆਰਾ ਰੋਮ ਦੀ ਜਿੱਤ ਦੇ ਬਾਰੇ ਕਿਹਾ ਸੀ, "ਉਹ [ਸੰਸਾਰ] ਨੂੰ ਰੇਗਿਸਤਾਨ ਬਣਾਉਂਦੇ ਹਨ ਅਤੇ ਇਸ ਨੂੰ 'ਸ਼ਾਂਤੀ' ਕਹਿੰਦੇ ਹਨ'"[32] (*ਪੇਕਸਰੋਮਾਨਾ*, ਜਾਂ "ਰੋਮੀ ਸ਼ਾਂਤੀ")। ਉਨ੍ਹਾਂ ਦੇ ਸਾਮਰਾਜ ਦਾ ਪਤਨ ਹੋਣਾ ਸ਼ੁਰੂ ਹੋ ਗਿਆ ਅਤੇ ਆਖਿਰਕਾਰ ਮਸੀਹ ਤੋਂ ਪਹਿਲਾਂ 476 ਈਸਵੀ ਤਰ੍ਹਾਂ ਖ਼ਤਮ ਹੋਣ ਤਕ, ਕੈਸਰ ਆਪਣੀਆਂ ਸਾਰੀਆਂ ਸੈਨਿਕ ਸ਼ਕਤੀਆਂ ਅਤੇ ਕਈ ਖੂਨੀ ਲੜਾਈਆਂ ਦੇ ਬਾਵਜੂਦ ਸਿਰਫ ਕੁਝ ਸਦੀਆਂ ਦੇ ਲਈ ਦੁਨੀਆਂ ਦੇ ਇੱਕ ਛੋਟੇ ਜਿਹੇ ਭਾਗ ਤੇ ਹੀ ਰਾਜ ਕਰ ਸਕੇ ਸਨ।

ਕੋਈ ਵੀ ਮਨੁੱਖ ਵਿਸ਼ਵ-ਵਿਆਪੀ ਰਾਜ ਨੂੰ ਸਥਾਪਤ ਕਰਨ ਦੇ ਲਈ ਦੁਨੀਆਂ ਦੀਆਂ ਸਾਰੀਆਂ ਸੈਨਾਵਾਂ ਨੂੰ ਹਰਾ ਨਹੀਂ ਸਕਦਾ, ਅਤੇ ਪਰਮੇਸ਼ੁਰ ਨੇ ਕਦੀ ਵੀ ਇਸ ਤਰ੍ਹਾਂ ਦੇ ਨਾਲ ਰਾਜ ਨਹੀਂ ਕਰਨਾ ਸੀ। ਯਿਸੂ ਨੇ ਇਸ ਤਰ੍ਹਾਂ ਦੇ ਰਾਜਤੱਵ ਅਤੇ ਰਾਜ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ (ਯੂਹੰਨਾ 6:15; 18:36)। ਉਸ ਦੇ ਦੁਆਰਾ ਲਾਜ਼ਰ ਨੂੰ ਮਰੇ ਹੋਇਆਂ ਵਿਚੋਂ ਜ਼ਿੰਦਾ ਕੀਤੇ ਜਾਣ ਤੋਂ ਬਾਅਦ, ਯਹੂਦੀ ਆਗੂ ਹੁਣ ਇਸ ਗੱਲ ਤੋਂ ਇਨਕਾਰ ਨਹੀਂ ਕਰ ਪਾਏ ਕਿ ਇੱਕ ਵੱਡਾ ਚਮਤਕਾਰ ਕੀਤਾ ਗਿਆ ਸੀ (ਯੂਹੰਨਾ 11:39-44)। ਉਹ ਵਿਸ਼ਵਾਸ ਕਰਦੇ ਸਨ ਕਿ ਯਿਸੂ ਰੋਮ ਦੇ ਖਿਲਾਫ਼ ਇੱਕ ਕ੍ਰਾਂਤੀ ਲਿਆਉਣ ਦੀ ਕੋਸ਼ਿਸ਼ ਕਰੇਗਾ; ਅਤੇ ਉਨ੍ਹਾਂ ਨੇ ਉਸ ਨੂੰ ਇੱਕ ਵੱਡੇ ਖਤਰੇ ਦੇ ਰੂਪ ਵਿਚ ਵੇਖਿਆ, ਉਨ੍ਹਾਂ ਨੇ ਜਿੰਨੀ ਜਲਦੀ ਹੋ ਸਕੇ ਉਸ ਨੂੰ ਮਾਰ ਦੇਣ ਦਾ ਦ੍ਰਿੜ ਸੰਕਲਪ ਕਰ ਲਿਆ (ਯੂਹੰਨਾ 11:45-53)।

ਯਹੂਦੀ ਭੀੜ ਜੋ ਯਰੂਸ਼ਲਮ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਯਿਸੂ ਨੂੰ ਮਿਲਣ ਦੇ ਲਈ ਨਿਕਲੀ ਸੀ, ਉਸ ਭੀੜ ਨੇ ਯਿਸੂ ਨੂੰ ਰਾਜਾ ਬਣਨ ਦੇ ਲਈ ਕਾਰਵਾਈ ਕਰਨ ਦੇ ਲਈ ਉਤਸਾਹਿਤ ਕੀਤਾ। ਅਨੰਦ ਦੀ ਲਲਕਾਰ ਦੇ ਨਾਲ, ਉਹ ਚਿੱਲਾਏ, "ਹੋਸੰਨਾ! ਧੰਨ ਉਹ ਜਿਹੜਾ

ਪ੍ਰਭੂ ਦੇ ਨਾਮ ਉੱਤੇ ਆਉਂਦਾ ਹੈ ਅਤੇ ਇਸਰਾਏਲ ਦਾ ਪਾਤਸ਼ਾਹ ਹੈ" (ਯੂਹੰਨਾ 12:13)। "ਹੋਸੰਨਾ" ਇੱਕ ਇਬਰਾਨੀ ਸ਼ਬਦ ਹੈ ਜਿਸ ਦਾ ਅਰਥ "ਬਚਾਓ ਕਰਨਾ" (ਜ਼ਬੂਰ 118:25) ਹੈ, ਅਤੇ ਇਹ "ਮਹਾਨ ਹੈਲੇਲ" ਦਾ ਇੱਕ ਹਿੱਸਾ ਹੈ ਜਿਸ ਨੂੰ ਯਹੂਦੀ ਆਪਣੇ ਸਾਰੇ ਵੱਡੇ ਉਤਸਵਾਂ ਤੇ ਗਾਉਂਦੇ ਸਨ (ਜ਼ਬੂਰ 113–118)। ਜਦੋਂ ਯਰੂਸ਼ਲਮ ਵਿਚਲੀਆਂ ਭੀੜਾਂ ਛੁਟਕਾਰੇ ਦੇ ਲਈ ਚਿੱਲਾਈਆਂ, ਤਾਂ ਉਹ ਇੱਕ ਰਾਜਨੀਤਿਕ, ਫ਼ੌਜੀ ਮਸੀਹਾ ਦੀ ਮੰਗ ਕਰ ਰਹੀਆਂ ਸਨ ਕਿ ਉਹ ਰੋਮ ਦੇ ਵਿਰੁੱਧ ਹਥਿਆਰ ਚੁੱਕੇ ਅਤੇ ਪਿਲਾਤੁਸ ਅਤੇ ਰੋਮੀਆਂ ਨੂੰ ਫ਼ਲਿਸਤੀਨ ਵਿਚੋਂ ਬਾਹਰ ਕੱਢੇ। ਉਹ ਹੇਰੋਦੇਸ ਅੰਤਿਪਾਸ ਨੂੰ ਹਟਾਉਣਾ ਚਾਹੁੰਦੇ ਸਨ ਜਿਸ ਨੇ ਪੀਰਿਆ ਅਤੇ ਗਲੀਲ ਦੇ ਉੱਤੇ ਇੱਕ ਰੋਮੀ ਕਠਪੁਤਲੀ ਦੇ ਵਾਂਗ ਰਾਜ ਕੀਤਾ ਸੀ। ਪਰ, ਯਿਸੂ ਗਧੇ ਉੱਤੇ ਸਵਾਰ ਹੋ ਕੇ ਯਰੂਸ਼ਲਮ ਨੂੰ ਗਿਆ (ਯੂਹੰਨਾ 12:14, 15; ਜ਼ਕਰਯਾਹ 9:9), ਜੋ ਜੰਗੀ ਘੋੜੇ ਦੀ ਬਜਾਇ ਇੱਕ ਸ਼ਾਂਤੀਪੂਰਣ ਜਾਨਵਰ ਸੀ। ਉਹ ਇੱਕ ਫ਼ੌਜ ਦੇ ਸਰਦਾਰ ਦੇ ਰੂਪ ਵਿਚ ਮਾਰਨ ਅਤੇ ਨਾਸ ਕਰਨ ਦੇ ਲਈ ਨਹੀਂ ਆਇਆ, ਬਲਕਿ ਸ਼ਾਂਤੀ ਦੇ ਰਾਜਕੁਮਾਰ ਦੇ ਰੂਪ ਵਿਚ ਆਇਆ ਸੀ। ਉਸ ਦੇ *ਦੁਆਰਾ*, "ਲੜਾਈ ਦਾ ਧਣੁਖ ਤੋੜਿਆ [ਜਾਣਾ ਸੀ]"; ਕਿਉਂਕਿ ਉਹਨੇ "ਕੌਮਾਂ ਲਈ ਸ਼ਾਂਤੀ ਦੀਆਂ ਗੱਲਾਂ" (גּוֹיִם, *ਗੋਇਮ*, ਗੈਰ ਕੌਮ; ਜ਼ਕਰਯਾਹ 9:10) ਕਰਨੀਆਂ ਸਨ।

ਯਹੂਦੀ ਲੋਕਾਂ ਦਾ ਸੰਪੂਰਣ ਇਤਹਾਸ "ਪਰਮੇਸ਼ੁਰ ਦੀ ਠਹਿਰਾਈ ਹੋਈ ਮੱਤ" (ਰਸੂਲਾਂ ਦੇ ਕਰਤੱਬ 2:23) ਦੀ ਇੱਕੋ ਘਟਨਾ: ਯਿਸੂ ਦੇ ਸਲੀਬ ਉੱਤੇ ਚੜ੍ਹਾਏ ਜਾਣ ਵੱਲ ਲਿਜਾਂਦਾ ਸੀ। ਭਾਵੇਂ, ਯਿਸੂ ਦੇ ਕੋਲ ਇੱਕ ਵਿਕਲਪ ਹੈਗਾ ਸੀ; ਪਰ ਉਸ ਨੇ ਪ੍ਰਾਰਥਨਾ ਕੀਤੀ, "ਤੇਰੀ ਮਰਜੀ ਪੂਰੀ ਹੋਵੇ" (ਮੱਤੀ 26:42; ਵੇਖੋ 26:39, 44)। ਯਿਸੂ ਦੀ ਮੌਤ ਦੇ ਸਿੱਟੇ ਵਜੋਂ ਧਰਤੀ ਦੇ ਤਿੰਨ ਤੱਤ ਇਕੱਠੇ ਹੋ ਗਏ: ਯਹੂਦੀ ਆਗੂ ਰਾਜਨੀਤਿਕ ਅਤੇ ਧਾਰਮਿਕ ਕਾਰਣਾਂ ਦੀ ਵਜਹ ਨਾਲ ਉਸ ਤੋਂ ਡਰੇ ਅਤੇ ਉਸ ਦਾ ਵਿਰੋਧ ਕੀਤਾ। ਯਿਸੂ ਦੇ ਵਿਸ਼ੇ ਵਿਚ ਕੁਝ ਲੋਕ ਉਲਝਣ ਵਿਚ ਸਨ, ਅਤੇ ਯਹੂਦੀ ਆਗੂਆਂ ਨੇ ਉਨ੍ਹਾਂ ਨੂੰ ਰਾਜੀ ਕਰ ਲਿਆ ਸੀ ਕਿ ਉਹ ਡੰਡ ਪਾਉਣ ਕਿ ਉਸ ਨੂੰ ਸਲੀਬ ਤੇ ਚੜ੍ਹਾਇਆ ਜਾਵੇ ਅਤੇ ਬਰੱਬਾਸ ਨੂੰ ਛੱਡ ਦਿੱਤਾ ਜਾਵੇ। ਪਿਲਾਤੁਸ ਨੂੰ ਡਰ ਸੀ ਕਿ ਯਹੂਦੀ ਉਸ ਉੱਤੇ ਇਸ ਗੱਲ ਦਾ ਦੋਸ਼ ਲਾਉਂਦੇ ਹੋਏ ਕਿ ਉਸ ਨੇ ਇੱਕ ਖਤਰਨਾਕ ਵਿਦਰੋਹੀ ਨੂੰ ਛੱਡ ਦਿੱਤਾ ਹੈ ਜਿਸ ਨੇ ਕੈਸਰ ਦਾ ਵਿਰੋਧ ਕੀਤਾ ਸੀ, ਰੋਮ ਵਿਚ ਇੱਕ ਪ੍ਰਤਿਨਿਧੀ-ਮੰਡਲ ਨੂੰ ਭੇਜ ਦੇਣਗੇ (ਯੂਹੰਨਾ 19:12)। ਇਹ ਕਾਰਕ ਪਰਮੇਸ਼ੁਰ ਦੀ ਯੋਜਨਾ ਦੇ ਅਨੁਸਾਰ ਕੰਮ ਕਰਦੇ ਸਨ, ਭਾਵੇਂ ਬੁਰੇ ਲੋਕਾਂ ਨੇ ਸੁਤੰਤਰ ਤੌਰ ਤੇ ਇਸ ਨੂੰ ਲਾਗੂ ਕਰਨ ਦੇ ਲਈ ਚੁਣਿਆ ਸੀ।

ਖਤਰਨਾਕ ਦੁਸ਼ਮਣਾਂ ਦੇ ਦੁਆਰਾ ਇੱਕ ਦੁਖਦਾਇਕ ਮੌਤ ਦੇ ਲਈ ਆਪਣੇ ਆਪ ਨੂੰ ਸਮਰਪਿਤ ਕਰਨ ਵਿਚ, ਮਸੀਹ ਨੇ ਦੁੱਖ ਝੱਲਣ ਵਾਲੇ ਮੇਮਣੇ ਦੀ ਭੂਮਿਕਾ ਨੂੰ ਨਿਭਾਇਆ (ਯਸਾਯਾਹ 53:5, 6, 10, 11), ਜਿਸ ਦੀ ਕੁਰਬਾਨੀ ਦੁਨੀਆਂ ਦੇ ਪਾਪਾਂ ਦੇ ਕਫਾਰੇ ਦੇ ਲਈ ਕੀਤੀ ਗਈ ਸੀ (ਯੂਹੰਨਾ 1:29; 1 ਪਤਰਸ 2:24)। "ਪਰਮੇਸ਼ੁਰ ਦੁਆਰਾ ਮੁਰਦਿਆਂ ਵਿਚੋਂ ਜਿਵਾਲੇ ਜਾਣ" ਤੋਂ ਬਾਅਦ (ਰਸੂਲਾਂ ਦੇ ਕਰਤੱਬ 2:24), ਉਹ ਅਕਾਸ਼ ਦੇ ਬੱਦਲਾਂ ਦੇ ਵਿਚ (ਰਸੂਲਾਂ ਦੇ ਕਰਤੱਬ 1:9-11) "ਅੱਤ ਪਰਾਚੀਨ" (ਪਰਮੇਸ਼ੁਰ) ਅਤੇ ਉਸ ਦੇ ਸਵਰਗੀ ਸਿੰਘਾਸਣ ਤੇ ਪਹੁੰਚਿਆ (ਦਾਨੀਏਲ 7:9, 10, 13)। ਉੱਥੇ, ਉਸ ਨੇ ਇੱਕ ਅਨੰਤ ਰਾਜ ਉੱਤੇ ਰਾਜ ਪ੍ਰਾਪਤ ਕੀਤਾ, ਜੋ ਸੀ – ਅਤੇ ਹੁਣ ਹੈ – ਅਤੇ "ਧਰਤੀ ਦਿਆਂ ਸਾਰਿਆਂ ਘਰਾਣਿਆਂ" ਤੇ ਹੋਵੇਗਾ (12:3; ਵੇਖੋ ਮੱਤੀ 28:18, 19; ਮਰਕੁਸ 16:15, 16; ਰਸੂਲਾਂ ਦੇ ਕਰਤੱਬ 2:38, 39)।

ਪ੍ਰਤੀਕਾਤਮਕ ਰੂਪ ਵਿਚ, ਭਵਿੱਖਵਾਣੀ ਦੀ ਪਾਲਣਾ ਕਰਦੇ ਹੋਏ, ਪਰਮੇਸ਼ੁਰ ਨੇ ਯਿਸੂ ਨੂੰ ਆਪਣੇ ਸੱਜੇ ਹੱਥ ਵਿਰਾਜਮਾਨ ਕੀਤਾ (49:10; ਰਸੂਲਾਂ ਦੇ ਕਰਤੱਬ 2:29-36)। ਹੁਣ ਉਸ ਨੇ ਆਪਣੇ ਸਦੀਪਕ ਰਾਜ ਨੂੰ ਪ੍ਰਭੂ (ਸਰਬਸ਼ਕਤੀਮਾਨ ਸ਼ਾਸਕ) ਅਤੇ ਮਸੀਹ (ਮਸੀਹਾ) ਦੇ ਰੂਪ

ਵਿਚ ਸਦੀਵੀ ਰੂਹਾਨੀ ਸਾਮਰਾਜ ਉੱਤੇ ਸ਼ੁਰੂ ਕੀਤਾ ਹੈ (ਕੁਲੁੱਸੀਆਂ 1:12-14; ਇਬਰਾਨੀਆਂ 12:28) ਜੋ "ਧਰਤੀ ਦੇ ਸਾਰੇ ਪਰਿਵਾਰਾਂ" ਤੇ ਬਰਕਤਾਂ ਲਿਆਉਂਦਾ ਹੈ (ਕੁਲੁੱਸੀਆਂ 12:3)। ਯਹੂਦਾਹ ਦੇ ਗੋਤ ਨੇ, ਜਿਸ ਵਿਚ ਦਾਊਦ ਅਤੇ ਉਸ ਦੀ ਸੰਤਾਨ ਵੀ ਸ਼ਾਮਲ ਹਨ, ਯਿਸੂ ਨੂੰ ਸੰਸਾਰ ਦੇ ਵਿਚ ਲਿਆਂਦਾ (ਮੱਤੀ 1:1-17)। "ਜਾਂ ਸਮਾਂ ਪੂਰਾ ਹੋਇਆ" (ਗਲਾਤੀਆਂ 4:4, 5) ਤਾਂ ਪਰਮੇਸ਼ੁਰ ਨੇ ਇਸ ਨੂੰ ਹੋਣ ਦਿੱਤਾ ਤਾਂ ਕਿ ਅਬਰਾਹਾਮ ਦੇ ਨਾਲ ਕੀਤੇ ਆਪਣੇ ਆਤਮਿਕ ਵਾਇਦੇ ਨੂੰ ਪੂਰਾ ਕਰੇ: ਕਿ "ਉਸ ਦੀ ਅੰਸ" ਦੇ ਦੁਆਰਾ ਧਰਤੀ ਦੇ ਸਾਰੇ ਘਰਾਣੇ ਬਰਕਤ ਪਾਉਣਗੇ (ਗਲਾਤੀਆਂ 3:16, 26-29)। ਮਸੀਹ ਦੇ ਦੁਆਰਾ ਇਹ ਮਹਾਨ ਬਰਕਤ ਉਨ੍ਹਾਂ ਸਭਨਾਂ ਦੇ ਉੱਤੇ ਆਉਂਦੀ ਹੈ ਜੋ ਉਸ ਦੀ ਆਗਿਆਕਾਰੀ ਕਰਨ ਨੂੰ ਚੁਣਦੇ ਹਨ।

**ਬਰਕਤਾਂ ਦੇਣਾ (ਅਧਿਆਇ 49)**

ਅੱਜ ਯਿਸੂ ਮਸੀਹ ਦੇ ਦੁਆਰਾ ਪਰਮੇਸ਼ੁਰ ਦੇ ਲੋਕ ਅਬਰਾਹਾਮ ਦੇ ਵਾਰਸ ਹਨ। ਇਸ ਤਰ੍ਹਾਂ, ਸਾਨੂੰ ਆਪਣੀ ਅੰਸ ਅਤੇ ਸਾਰੇ ਲੋਕਾਂ ਦੇ ਲਈ ਇੱਕ ਬਰਕਤ ਹੋਣਾ ਚਾਹੀਦਾ ਹੈ। ਆਮ ਤੌਰ ਤੇ, ਪੱਛਮੀ ਜਗਤ ਦੇ ਲੋਕ ਯਾਕੂਬ ਦੇ ਵਾਂਗ ਬਰਕਤ ਨਹੀਂ ਦਿੰਦੇ ਹਨ: ਉਸ ਨੇ ਆਪਣੀਆਂ ਬਰਕਤਾਂ ਨੂੰ ਆਪਣੇ ਪੁੱਤਰਾਂ (ਅਤੇ ਦੋ ਪੋਤਰਿਆਂ ਤਕ ਜਿਨ੍ਹਾਂ ਨੂੰ ਉਸ ਨੇ ਪੁੱਤਰਾਂ ਦੇ ਵਾਂਗ ਗੋਦ ਲਿਆ ਸੀ) ਸੀਮਿਤ ਕਰ ਦਿੱਤਾ। ਇੱਕ ਨਿਯਮ ਆਮ ਤੌਰ ਤੇ, ਇਸ ਤਰ੍ਹਾਂ ਪ੍ਰਾਚੀਨ ਨਿਕਟ ਪੂਰਬ ਵਿਚ ਦੁਨਿਆਵੀ ਬਰਕਤ ਵਿਰਾਸਤ ਵਿਚ ਮਿਲੀ ਸੀ। ਪੁੱਤਰੀਆਂ ਨੂੰ ਬਰਕਤਾਂ ਤੋਂ ਬਿਨਾਂ ਨਹੀਂ ਛੱਡਿਆ ਗਿਆ ਸੀ, ਪਰ ਉਹ ਆਮ ਤੌਰ ਤੇ ਪਤੀ ਦੀ ਵਿਰਾਸਤ ਦੇ ਦੁਆਰਾ ਬਰਕਤ ਪਾਉਂਦੀਆਂ ਸਨ।[33] ਅੱਜ, ਜਦੋਂ ਮਾਤਾ-ਪਿਤਾ ਇੱਕ ਵਸੀਅਤ ਬਣਾਉਂਦੇ ਹਨ, ਤਾਂ ਉਹ ਮੁੰਡੇ ਕੁੜੀ ਨੂੰ ਆਪਣੀ ਜਾਇਦਾਦ, ਧਨ ਦੌਲਤ, ਅਤੇ ਵਿੱਤੀ ਜਾਇਦਾਦ ਦੇ ਨਾਲ ਬਰਾਬਰ ਬਰਕਤ ਦਿੰਦੇ ਹਨ।

*ਅਬਰਾਹਾਮ ਦੁਆਰਾ ਦਿੱਤੀਆਂ ਗਈਆਂ ਬਰਕਤਾਂ।* ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਬੁਲਾਇਆ, ਉਸ ਨੇ ਉਸ ਦੇ ਨਾਲ ਬਰਕਤ ਦੇਣ ਦਾ ਵਾਇਦਾ ਕੀਤਾ ਅਤੇ "ਬਰਕਤ ਦਾ ਕਾਰਨ ਬਣਨ" ਦਾ ਹੁਕਮ ਦਿੱਤਾ (12:2)। ਉਸ ਦੀਆਂ ਬਰਕਤਾਂ "ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ" (12:3)। ਇੱਥੋਂ ਤਕ ਕਿ ਇਸ ਅਮੀਰ ਪੁਰਖੇ ਦੇ ਕੋਲ ਪ੍ਰਾਚੀਨ ਨਿਕਟ ਪੂਰਬ ਵਿਚ ਸਭ ਦੇ ਨਾਲ ਸਾਂਝੇ ਕਰਨ ਦੇ ਲਈ ਲੋੜੀਂਦੀਆਂ ਸਰੀਰਿਕ ਬਰਕਤਾਂ ਨਹੀਂ ਸਨ। ਪਰਮੇਸ਼ੁਰ ਦੇ ਹੁਕਮ ਦਾ ਵਿਚਾਰ ਇਹ ਸੀ ਕਿ ਇੱਕ ਵਿਸ਼ਵਾਸੀ ਆਦਮੀ ਹੋਣ ਦੇ ਨਾਤੇ ਅਬਰਾਹਾਮ ਦੂਸਰਿਆਂ ਦੇ ਭਲੇ ਦੇ ਲਈ ਚਿੰਤਾ ਵਿਖਾ ਕੇ ਇੱਕ ਰੱਬੀ ਉਦਾਹਰਣ ਨੂੰ ਪੇਸ਼ ਕਰਨਾ ਚਾਹੀਦਾ ਹੈ। ਉਸ ਦਾ ਲੋੜਮੰਦ ਲੋਕਾਂ ਦੇ ਲਈ ਉਦਾਰ ਹੋਣਾ ਜ਼ਰੂਰੀ ਸੀ।

ਅਬਰਾਹਾਮ ਹਮੇਸ਼ਾ ਆਪਣੇ ਸੱਦੇ ਦੇ ਅਨੁਸਾਰ ਨਹੀਂ ਚੱਲਦਾ ਸੀ। ਜਦੋਂ ਉਸ ਨੇ ਸਾਰਾਹ ਦੇ ਨਾਲ ਆਪਣੇ ਰਿਸ਼ਤੇ ਦੇ ਵਿਸ਼ੇ ਵਿਚ ਝੂਠ ਬੋਲਿਆ, ਤਾਂ ਉਸ ਨੇ ਫ਼ਿਰਊਨ ਦੇ ਪਰਿਵਾਰ ਤੇ ਬਰਕਤਾਂ ਦੀ ਬਜਾਇ ਸਰਾਪਾਂ ਨੂੰ ਲੈ ਆਂਦਾ ਸੀ (12:14-20)। ਪਰ, ਇੰਝ ਜਾਪਦਾ ਹੈ ਕਿ ਉਸ ਨੇ ਇਸ ਮਹੱਤਵਪੂਰਣ ਤਜ਼ਰਬੇ ਤੋਂ ਇੱਕ ਮੁੱਲਵਾਨ ਸਬਕ ਸਿੱਖਿਆ ਸੀ।

ਪੁਰਖੇ ਨੂੰ ਇੱਕ ਬਰਕਤ ਬਣਨ ਦੇ ਅਗਲੇ ਮੌਕੇ ਦੇ ਲਈ ਬਹੁਤ ਲੰਬੇ ਸਮੇਂ ਤੱਕ ਇੰਤਜ਼ਾਰ ਕਰਨਾ ਨਹੀਂ ਪਿਆ ਸੀ। ਮਸੋਪੋਤਾਮੀਆ ਦੇ ਚਾਰ ਰਾਜਿਆਂ ਦੇ ਰੂਪ ਵਿਚ ਜਲਦੀ ਹੀ ਖਤਰਾ ਖਿਤਿਜ ਤੇ ਦਿੱਸਿਆ। ਉਨ੍ਹਾਂ ਨੇ ਇੱਕ ਸ਼ਹਿਰ ਤੋਂ ਬਾਅਦ ਦੂਸਰੇ ਸ਼ਹਿਰ ਨੂੰ ਜਿੱਤਦੇ ਅਤੇ ਲੁੱਟਦੇ ਹੋਏ, ਕਨਾਨ ਅਤੇ ਯਰਦਨ ਘਾਟੀ ਦੇ ਦੱਖਣ-ਪੂਰਬੀ ਖੇਤਰ ਤੇ ਹਮਲਾ ਕੀਤਾ। ਜਦੋਂ ਅਬਰਾਹਾਮ ਨੇ ਸੁਣਿਆ ਕਿ ਮਸੋਪੋਤਾਮੀ ਹਮਲਾਵਰਾਂ ਨੇ ਲੂਤ, ਉਸ ਦੇ ਪਰਿਵਾਰ, ਅਤੇ ਸਦੂਮ ਅਤੇ ਅਮੂਰਾਹ ਦੇ ਵਾਸੀਆਂ ਨੂੰ ਬੰਦੀ ਬਣਾ ਲਿਆ ਹੈ, ਤਾਂ ਪੁਰਖੇ ਨੇ ਆਪਣੇ 318 ਆਦਮੀਆਂ ਦੇ ਨਾਲ ਜੋ ਉਸ ਦੇ ਘਰ ਵਿਚ ਜੰਮੇ ਦਾਸ ਸਨ ਅਤੇ ਹਥਿਆਰ ਚਲਾ ਸਕਦੇ ਸਨ – ਅਤੇ ਆਪਣੇ

ਅਮੋਰੀ ਮਿੱਤਰਾਂ ਦੇ ਨਾਲ ਉਸ ਦਾ ਪਿੱਛਾ ਕੀਤਾ। ਇਨ੍ਹਾਂ ਸੰਯੁਕਤ ਬਲਾਂ ਨੇ ਹਮਲਾਵਰਾਂ ਨੂੰ ਖਦੇੜ ਦਿੱਤਾ ਅਤੇ ਬੰਦੀਆਂ ਨੂੰ, ਜਿਨ੍ਹਾਂ ਵਿਚ ਲੂਤ ਅਤੇ ਉਸ ਦਾ ਪਰਿਵਾਰ ਵੀ ਸ਼ਾਮਲ ਸਨ, ਉਨ੍ਹਾਂ ਦੇ ਮਾਲ-ਧਨ ਸਣੇ ਵਾਪਸ ਮੋੜ ਲਿਆਏ (14:14-16)।

ਜਦੋਂ ਬੰਦੀ ਯਰਦਨ ਦੀ ਘਾਟੀ ਤੋਂ ਵਾਪਸ ਪਰਤੇ ਜਿੱਥੇ ਉਨ੍ਹਾਂ ਨੂੰ ਲਿਜਾਇਆ ਗਿਆ ਸੀ, ਤਾਂ ਮਲਕਿ-ਸਿਦਕ, ਸ਼ਾਲੇਮ ਦਾ ਰਾਜਾ[35] ਅਤੇ ਅੱਤ ਮਹਾਨ ਦਾ ਜਾਜਕ, ਵਾਪਸ ਪਰਤਣ ਵਾਲਿਆਂ ਦੇ ਲਈ ਉਨ੍ਹਾਂ ਦੀ ਅਗਨੀ ਪਰੀਖਿਆ ਤੋਂ ਬਾਅਦ ਉਨ੍ਹਾਂ ਨੂੰ ਤਾਜ਼ਾ ਕਰਨ ਦੇ ਲਈ ਉਨ੍ਹਾਂ ਦੇ ਵਾਸਤੇ ਰੋਟੀ ਅਤੇ ਦਾਖਰਸ ਲੈ ਕੇ ਆਇਆ। ਫਿਰ ਉਸ ਨੇ ਅਬਰਾਹਾਮ ਨੂੰ ਬਰਕਤ ਦਿੱਤੀ ਕਿਉਂਕਿ ਉਹ ਅਤੇ ਉਸ ਦੇ ਲੋਕ ਇੱਕ ਬਰਕਤ ਬਣੇ ਸਨ। ਉਨ੍ਹਾਂ ਨਾ ਸਿਰਫ ਲੂਤ ਅਤੇ ਉਸ ਦੇ ਪਰਿਵਾਰ ਨੂੰ ਖਤਰੇ ਵਿਚੋਂ ਕੱਢਣ ਦੇ ਲਈ, ਸਗੋਂ ਸਦੂਮ ਅਤੇ ਅਮੂਰਾਹ ਦੇ ਸਾਰੇ ਲੋਕਾਂ ਨੂੰ ਬਚਾਉਣ ਦੇ ਲਈ ਆਪਣੀਆਂ ਜਾਨਾਂ ਨੂੰ ਖਤਰੇ ਵਿਚ ਪਾਇਆ ਸੀ, ਭਾਵੇਂ ਪੁਰਖੇ ਦੇ ਸਾਹਮਣੇ ਉਨ੍ਹਾਂ ਦੀ ਜੀਵਨ-ਸ਼ੈਲੀ ਕਿੰਨੀ ਵੀ ਬੁਰੀ ਸੀ (18:16-19:29)।

ਅਬਰਾਹਾਮ ਨੇ ਪਰਮੇਸ਼ੁਰ ਦੇ ਇਸ ਬੰਦੇ ਨੂੰ ਉਸ ਸਾਰੀ ਲੁੱਟ ਦਾ ਦਸਵੰਧ ਦਿੱਤਾ ਜੋ ਉਸ ਨੇ ਅਤੇ ਉਸ ਦੀ ਸੈਨਾ ਨੇ ਵਿਦੇਸ਼ੀ ਹਮਲਾਵਰਾਂ ਤੋਂ ਪ੍ਰਾਪਤ ਕੀਤਾ ਸੀ (14:17-20)। ਉਸ ਨੇ ਆਪਣੇ ਆਪ ਦੇ ਲਈ ਸਦੂਮ ਦੇ ਰਾਜੇ ਵੱਲੋਂ ਪੇਸ਼ ਕੀਤਾ ਗਿਆ ਕੋਈ ਲਾਭ ਗ੍ਰਹਿਣ ਨਹੀਂ ਕੀਤਾ। ਉਸ ਨੂੰ ਇਸ ਯੁੱਧ ਦੇ ਲੁੱਟ ਦੇ ਮਾਲ ਵਿਚੋਂ ਕਿਸੇ ਚੀਜ਼ ਦੀ ਲੋੜ ਨਹੀਂ ਸੀ ਕਿਉਂਕਿ ਉਹ ਪਹਿਲਾਂ ਤੋਂ ਹੀ ਇੱਕ ਅਮੀਰ ਆਦਮੀ ਸੀ। ਇਸ ਤੋਂ ਇਲਾਵਾ, ਉਹ ਇਸ ਬੁੱਤ ਪੂਜਕ ਰਾਜੇ ਨੂੰ ਇਹ ਦਾਅਵਾ ਕਰਨ ਦਾ ਮੌਕਾ ਨਹੀਂ ਦੇਣਾ ਚਾਹੁੰਦਾ ਸੀ ਕਿ ਉਸ ਨੇ ਅਬਰਾਹਾਮ ਨੂੰ ਧਨੀ ਬਣਾ ਦਿੱਤਾ ਸੀ। ਉਸ ਦੀ ਇੱਕਮਾਤਰ ਇੱਛਾ ਉਹ ਭੋਜਨ ਸੀ ਜੋ ਉਸ ਦੇ ਭੁੱਖੇ ਸਿਪਾਹੀਆਂ ਨੇ ਖਾਧਾ ਸੀ। ਪਰ, ਉਹ ਇਸ ਗੱਲ ਤੇ ਜ਼ੋਰ ਦੇਣ ਦੇ ਦੁਆਰਾ ਇੱਕ ਵਾਰ ਫਿਰ ਤੋਂ ਹੋਰਨਾਂ ਦੇ ਲਈ ਬਰਕਤ ਦਾ ਕਾਰਣ ਹੋਇਆ ਕਿ ਲੁੱਟ ਦੇ ਮਾਲ ਵਿਚੋਂ ਉਸ ਦੇ ਉਨ੍ਹਾਂ ਅਮੋਰੀ ਸਾਥੀਆਂ ਨੂੰ ਪੂਰਾ ਪੂਰਾ ਹਿੱਸਾ ਵੰਡ ਦਿੱਤਾ ਜਾਵੇ ਜਿਨ੍ਹਾਂ ਨੇ ਮਸੋਪੋਤਾਮੀਆ ਤੇ ਇਸ ਵੱਡੀ ਜਿੱਤ ਵਿਚ ਯੋਗਦਾਨ ਦਿੱਤਾ ਸੀ (14:21-24)।

*ਯਿਸੂ ਦੁਆਰਾ ਦਿੱਤੀਆਂ ਗਈਆਂ ਬਰਕਤਾਂ।* ਇੱਕ ਵਿਅਕਤੀ ਦੀਆਂ ਵਿਸ਼ੇਸ਼ਤਾਵਾਂ ਜਿਨ੍ਹਾਂ ਦੇ ਕਾਰਣ ਉਸ ਨੂੰ "ਚੰਗਾ" ਕਿਹਾ ਜਾਂਦਾ ਹੈ ਉਹ ਯਿਸੂ ਦੇ ਦੈਨਿਕ ਜੀਵਨ ਵਿਚ ਪਰਗਟ ਹੋਣ ਵਾਲੇ ਬਹੁਤ ਸਾਰੇ ਗੁਣ ਹਨ। ਜਦੋਂ ਉਹ ਸਵਰਗ ਵਿਚ ਚਲਾ ਗਿਆ ਤਾਂ ਉਸ ਦੇ ਕੋਲ ਕੋਈ ਭੌਤਿਕ ਵਸਤੂ ਜਾਂ ਵਿਰਾਸਤ ਨਹੀਂ ਸੀ ਜੋ ਉਹ ਆਪਣੇ ਚੇਲਿਆਂ ਦੇ ਲਈ ਛੱਡ ਜਾਂਦਾ। ਉਨ੍ਹਾਂ ਦੇ ਵਾਸਤੇ ਉਸ ਦੀ ਵਿਰਾਸਤ ਪਵਿੱਤਰ ਆਤਮਾ ਸੀ (ਯੂਹੰਨਾ 14:16-18, 26; 15:26, 27; 16:7-14)। ਪਵਿੱਤਰ ਆਤਮਾ ਦੇ ਦੁਆਰਾ ਅਸੀਂ ਉਸ ਦੀਆਂ ਬਰਕਤਾਂ ਦੀ ਭਰਪੂਰੀ ਨੂੰ ਪ੍ਰਾਪਤ ਕਰ ਸਕਦੇ ਹਾਂ ਅਤੇ ਉਸ ਦੀ ਸੂਰਤ ਵਿਚ ਬਦਲ ਸਕਦੇ ਹਾਂ (ਰਸੂਲਾਂ ਦੇ ਕਰਤੱਬ 2:38; 2 ਕੁਰਿੰਥੀਆਂ 3:17, 18; ਗਲਾਤੀਆਂ 4:6; ਅਫ਼ਸੀਆਂ 1:3)। ਅਸੀਂ ਧਰਤੀ ਉੱਤੇ ਆਪਣੇ ਜੀਵਨ ਦੇ ਵਿਚ ਆਪਣੀ ਵਿਰਾਸਤ ਦਾ ਅਨੰਦ ਲੈਣਾ ਸ਼ੁਰੂ ਕਰ ਦਿੰਦੇ ਹਾਂ, ਜਦੋਂ ਸਾਡੇ ਅੰਦਰ "ਆਤਮਾ ਦਾ ਫਲ" ਭਾਵ: "ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, ਸੰਜਮ" ਆ ਜਾਂਦਾ ਹੈ (ਗਲਾਤੀਆਂ 5:22, 23)।

ਯਿਸੂ ਦੀ ਪ੍ਰਮੁੱਖ ਸੇਵਕਾਈ ਉਨ੍ਹਾਂ ਲੋਕਾਂ ਨੂੰ ਖੋਜਣਾ ਅਤੇ ਬਚਾਉਣਾ ਸੀ ਜੋ ਗੁਆਚੇ ਹੋਏ ਸਨ, ਪਰ ਉਹ ਨੇ ਅਕਸਰ ਨਿਰਾਸ਼ ਲੋਕਾਂ ਨੂੰ ਉਤਸਾਹਿਤ ਕਰਨ ਦੇ ਦੁਆਰਾ ਅਜਿਹਾ ਕੀਤਾ ਸੀ। ਇੱਕ ਵਾਰ, ਯਿਸੂ ਨੇ ਯਸਾਯਾਹ ਨਬੀ ਦਾ ਇੱਕ ਹਵਾਲਾ ਦੇ ਕੇ ਆਪਣੀ ਸੇਵਕਾਈ ਦੇ ਸੁਭਾਅ ਦਾ ਉਲੇਖ ਕੀਤਾ ਸੀ: "ਉਹ ਦਰੜੇ ਹੋਏ ਕਾਨੇ ਨੂੰ ਨਾ ਭੰਨੇਗਾ, ਨਾ ਨਿੰਮ੍ਹੀ ਬੱਤੀ ਨੂੰ ਬੁਝਾਵੇਗਾ"

(ਮੱਤੀ 12:20; NIV; ਵੇਖੋ ਯਸਾਯਾਹ 42:3)। ਇੱਕ ਕਾਨਾ ਜੋ ਟੁੱਟ ਚੁੱਕਾ ਅਤੇ ਮਿੱਟੀ ਵਿਚ ਦੱਬ ਚੁੱਕਾ ਹੈ ਉਹ ਬਿਨਾਂ ਆਸ ਦੇ ਮਰ ਜਾਂਦਾ ਹੈ। ਯਿਸੂ ਪਾਪੀਆਂ ਨੂੰ ਕੁਚਲਣ ਦੇ ਲਈ ਨਹੀਂ ਆਇਆ, ਸਗੋਂ ਉਨ੍ਹਾਂ ਨੂੰ ਪਿਆਰ ਦੇ ਨਾਲ ਨਵੇਂ ਜੀਵਨ ਵਿਚ ਉਠਾਉਣ ਦੇ ਲਈ ਆਇਆ ਸੀ।

ਅਜਿਹਾ ਹੀ ਉਸ ਅੱਗ ਦੇ ਨਾਲ ਵੀ ਹੈ ਜੋ ਇੱਕ ਦੀਵੇ ਵਿਚ ਨਿੰਮ੍ਹੀ-ਨਿੰਮ੍ਹੀ ਬਲਦੀ ਹੈ। ਇਸ ਨੂੰ ਬੜੀ ਆਸਾਨੀ ਦੇ ਨਾਲ ਬੁਝਾਇਆ ਜਾ ਸਕਦਾ ਹੈ; ਪਰ, ਜੇਕਰ ਇੱਕ ਵਿਅਕਤੀ ਇਸ ਨੂੰ ਪਿਆਰ ਨਾਲ ਹਵਾ ਦਿੰਦੀ ਹੈ, ਤਾਂ ਇਸ ਲਪਟ ਨੂੰ ਫਿਰ ਤੋਂ ਜਗਾਇਆ ਜਾ ਸਕਦਾ ਹੈ। ਫ਼ਰੀਸੀਆਂ ਦੇ ਦੁਆਰਾ ਸ਼ਰਾ ਦੀ ਕਠੋਰ ਤਰੀਕੇ ਦੇ ਨਾਲ ਵਿਆਖਿਆ ਕਰਨ ਦੇ ਦੁਆਰਾ ਉਨ੍ਹਾਂ ਨੇ ਲੋਕਾਂ ਦੀਆਂ ਆਤਮਾਵਾਂ ਦੀ ਅੱਗ ਨੂੰ ਬੁਝਾ ਦਿੱਤਾ। ਪਰਮੇਸ਼ੁਰ ਦੀ ਸੇਵਾ ਕਰਨ ਦੇ ਲਈ ਉਨ੍ਹਾਂ ਨੂੰ ਉਤਸਾਹਿਤ ਕਰਨ ਦੀ ਬਜਾਇ, ਇਹ ਧਾਰਮਿਕ ਆਗੂ ਕਠੋਰ ਅਤੇ ਨਿਰਦਈ ਸਨ। ਉਨ੍ਹਾਂ ਨੇ ਆਪਣੀਆਂ ਰੀਤਾਂ ਤੋਂ ਬਾਹਰ ਜਾਣ ਵਾਲੀ ਹਰ ਗੱਲ ਦੀ ਨਿੰਦਾ ਕੀਤੀ, ਜਿਵੇਂ ਜਦੋਂ ਯਿਸੂ ਨੇ ਇੱਕ ਸੁੱਕੇ ਹੱਥ ਵਾਲੇ ਨੂੰ ਸਬਤ ਦੇ ਦਿਨ ਚੰਗਾ ਕੀਤਾ (ਮੱਤੀ 12:9-14)। ਸ਼ਰਾ ਦੇ ਇਨ੍ਹਾਂ ਕਠੋਰ ਵਿਆਖਿਆਕਾਰਾਂ ਦੇ ਉਲਟ, ਯਿਸੂ ਚਾਹੁੰਦਾ ਸੀ ਕਿ ਉਸ ਦੇ ਚੇਲੇ ਪਿਆਰ ਕਰਨ ਵਾਲੇ, ਵਿਚਾਰਸ਼ੀਲ, ਨਿਮਰ, ਦਯਾਵਾਨ, ਧਰਮੀ, ਅਤੇ ਉਨ੍ਹਾਂ ਲੋਕਾਂ ਨੂੰ ਉਤਸਾਹਿਤ ਕਰਨ ਵਾਲੇ ਹੋਣ ਜਿਨ੍ਹਾਂ ਨੂੰ ਆਸ ਦਿਵਾਏ ਜਾਣ ਦੀ ਲੋੜ ਸੀ। ਯਿਸੂ ਨੇ ਇਨ੍ਹਾਂ ਗੁਣਾਂ ਨੂੰ ਉਨ੍ਹਾਂ ਆਮ ਲੋਕਾਂ ਦੀਆਂ ਭੀੜਾਂ ਦੇ ਵਿਚਕਾਰ ਵੰਡਿਆ ਸੀ ਜਿਨ੍ਹਾਂ ਦੇ ਵਿਚਕਾਰ ਉਸ ਨੇ ਸੇਵਕਾਈ ਕੀਤੀ ਸੀ। ਜਦਕਿ ਫ਼ਰੀਸਿਆਂ ਨੇ ਉਨ੍ਹਾਂ ਨੂੰ ਪਾਪੀਆਂ ਦੇ ਰੂਪ ਵਿਚ ਵੱਖਰਾ ਕੀਤਾ ਸੀ (ਮੱਤੀ 9:9-13), ਯਿਸੂ ਨੇ ਧਰਤੀ ਉੱਤਲੇ ਆਪਣੇ ਜੀਵਨ ਦੇ ਦੌਰਾਨ ਅਜਿਹੇ ਲੋਕਾਂ ਨੂੰ ਬਰਕਤ ਦਿੱਤੀ (ਮੱਤੀ 5:1-10), ਉਤਸਾਹਿਤ ਕੀਤਾ, ਅਤੇ ਚੰਗਾ ਕੀਤਾ (ਮੱਤੀ 4:23; 12:9-13; 25:34-40)।

*ਮਸੀਹੀਆਂ ਦੇ ਦੁਆਰਾ ਦਿੱਤੀਆਂ ਗਈਆਂ ਬਰਕਤਾਂ।* ਮੁੱਢਲੀ ਕਲੀਸਿਯਾ ਜ਼ਰੂਰਤਮੰਦ ਵਿਧਵਾਵਾਂ ਦੀ ਮਦਦ ਕਰਨ (ਰਸੂਲਾਂ ਦੇ ਕਰਤੱਬ 6:1-6) ਅਤੇ ਆਪਣਾ ਭੋਜਨ ਅਤੇ ਧਨ-ਦੌਲਤ ਨੂੰ ਸਾਂਝਾ ਕਰਨ ਦੇ ਦੁਆਰਾ (ਰਸੂਲਾਂ ਦੇ ਕਰਤੱਬ 2:43-47) ਯਿਸੂ ਦੀਆਂ ਵਿਸ਼ੇਸ਼ਤਾਵਾਂ ਦਾ ਪਰਗਟਾਵਾ ਕਰਨ ਦੇ ਲਈ ਪ੍ਰਸਿੱਧ ਸੀ। ਇੱਕ ਵਿਅਕਤੀ ਜੋ ਇਸ ਸੰਬੰਧ ਵਿਚ ਬਹੁਤ ਹੀ ਮਹੱਤਵਪੂਰਣ ਸੀ ਉਹ ਯੂਸੁਫ਼ ਨਾਮ ਦਾ, ਇੱਕ ਲੇਵੀ ਸੀ, ਜਿਸ ਨੇ ਜ਼ਮੀਨ ਦਾ ਇੱਕ ਟੁਕੜਾ ਵੇਚਿਆ ਅਤੇ ਪੈਸੇ ਲਿਆ ਕੇ ਰਸੂਲਾਂ ਦਿੱਤੇ ਤਾਂ ਕਿ ਲੋੜਵੰਦਾਂ ਦੀ ਮਦਦ ਹੋ ਸਕੇ। ਉਸ ਨੂੰ ਇੱਕ ਨਵਾਂ ਨਾਮ ਦਿੱਤਾ ਗਿਆ ਸੀ, "ਬਰਨਬਾਸ," ਜਿਸ ਦਾ ਅਰਥ "ਉਪਦੇਸ਼ ਦਾ ਪੁੱਤ੍ਰ" ਸੀ (ਰਸੂਲਾਂ ਦੇ ਕਰਤੱਬ 4:36, 37)।

ਜਦੋਂ ਯਰੂਸ਼ਲਮ ਵਿਚ ਭਰਾਵਾਂ ਨੂੰ ਪਤਾ ਲੱਗਾ ਕਿ ਅੰਤਾਕਿਯਾ ਵਿਚ ਬਹੁਤ ਸਾਰੇ ਯੂਨਾਨੀ ਲੋਕਾਂ ਨੇ "ਨਿਹਚਾ ਕੀਤੀ" ਅਤੇ "ਪ੍ਰਭੂ ਦੀ ਵੱਲ ਫਿਰੇ" ਹਨ ਤਾਂ ਉਨ੍ਹਾਂ ਨੇ ਉੱਥੇ ਬਰਨਬਾਸ ਨੂੰ ਘੱਲਿਆ। "ਉਹ ਅਨੰਦ ਹੋਇਆ ਅਰ ਉਨ੍ਹਾਂ ਸਭਨਾਂ ਨੂੰ ਉਪਦੇਸ਼ ਦਿੱਤਾ" ਭਈ ਪ੍ਰਭੂ ਵੱਲ ਲੱਗੇ ਰਹੋ, "ਕਿਉਂਕਿ ਉਹ ਭਲਾ ਮਾਨਸ ਅਰ ਪਵਿੱਤ੍ਰ ਆਤਮਾ ਅਤੇ ਨਿਹਚਾ ਨਾਲ ਭਰਪੂਰ ਸੀ" (ਰਸੂਲਾਂ ਦੇ ਕਰਤੱਬ 11:21-24)। ਇਹ ਵਰਣਨ ਬਰਨਬਾਸ ਨੂੰ ਵੱਡਾ ਆਦਰ ਦਿੰਦਾ ਹੈ। ਉਸ ਦੇ ਵਿਚ ਆਤਮਿਕ ਗੁਣ ਸਨ ਜਿਨ੍ਹਾਂ ਉਸ ਨੂੰ ਇਸ ਨਵੀਂ ਯਹੂਦੀ/ਗੈਰ-ਕੌਮ ਕਲੀਸੀਆ ਵਿਚ "ਮਿਲਾਪ ਦੇ ਬੰਧ ਵਿੱਚ ਆਤਮਾ ਦੀ ਏਕਤਾ ਦੀ ਪਾਲਨਾ ਕਰਨ" ਵਿਚ ਮਦਦ ਕਰਨ ਦੇ ਯੋਗ ਬਣਾਉਣਾ ਸੀ (ਅਫ਼ਸੀਆਂ 4:3) ਜਿਵੇਂ-ਜਿਵੇਂ ਉਨ੍ਹਾਂ ਨੇ ਨਿਹਚਾ ਵਿਚ ਪਰਿਪੱਕ ਜਾਂ ਸਿਆਣੇ ਹੋਣਾ ਸੀ।

ਮਸੀਹੀ ਲੋਕਾਂ ਨੂੰ ਯਿਸੂ ਕੋਲੋਂ ਕੋਈ ਦੁਨਿਆਵੀ ਵਿਰਸਾ ਨਹੀਂ ਮਿਲਦਾ। ਉਸ ਦੇ ਪੁਰਖਿਆਂ (ਅਬਰਾਹਾਮ, ਇਸਹਾਕ ਅਤੇ ਯਾਕੂਬ) ਤੋਂ ਉਲਟ, ਉਸ ਨੇ ਆਪਣੇ ਚੇਲਿਆਂ ਨੂੰ ਭੌਤਿਕ ਬਰਕਤਾਂ ਦਾ ਵਾਇਦਾ ਨਹੀਂ ਸੀ ਦਿੱਤਾ। ਬਲਕਿ, ਉਹ ਸਾਨੂੰ ਸ਼ਾਂਤੀ, ਇੱਜ਼ਤ-ਮਾਣ ਅਤੇ

ਆਤਮਿਕ ਬਰਕਤਾਂ ਦੀ ਇਕ ਨਵੀਂ ਸਮਝ ਦਿੰਦਾ ਹੈ। ਯਿਸੂ "ਭਲਾ ਕਰਦਾ ਅਤੇ ਸਭਨਾਂ ਨੂੰ ਜੋ ਸ਼ਤਾਨ ਦੇ ਕਾਬੂ ਕੀਤੇ ਹੋਏ ਸਨ ਚੰਗਾ ਕਰਦਾ ਫਿਰਿਆ" (ਰਸੂਲਾਂ ਦੇ ਕਰਤੱਬ 10:38)। ਉਸ ਦਾ ਪੂਰਾ ਜੀਵਨ ਇਸ ਗੱਲ ਦਾ ਉਦਾਹਰਣ ਦਿੰਦਾ ਹੈ ਕਿ ਯਹੋਵਾਹ ਦਾ ਕੀ ਮਤਲਬ ਸੀ ਜਦੋਂ ਉਸ ਨੇ ਅਬਰਾਹਾਮ ਨੂੰ "ਬਰਕਤ ਦਾ ਕਾਰਣ ਬਣਨ" ਦਾ ਹੁਕਮ ਦਿੱਤਾ ਸੀ ਅਤੇ ਅਸੀਂ ਵੀ ਉਸੇ ਤਰੀਕੇ ਨਾਲ ਆਪਣਾ ਜੀਵਨ ਜੀਉਣਾ ਹੈ। ਪਰਮੇਸ਼ੁਰ ਦੇ ਲੋਕ ਹੋਣ ਦੇ ਨਾਤੇ, ਜਦੋਂ ਲੋਕ ਨਜਾਇਜ਼ ਸਾਡੇ ਨਾਲ ਨਫਰਤ ਕਰਦੇ ਹਨ, ਸਾਡਾ ਅਪਮਾਨ ਕਰਦੇ ਅਤੇ ਸਾਨੂੰ ਸਤਾਉਂਦੇ ਹਨ, ਸਾਨੂੰ ਵੀ ਉਸੇ ਤਰ੍ਹਾਂ ਕਰਨਾ ਚਾਹੀਦਾ ਹੈ ਜਿਵੇਂ ਯਿਸੂ ਨੇ ਕੀਤਾ ਸੀ। ਅਸੀਂ ਬਦਲਾ ਨਹੀਂ ਲੈਣਾ ਹੈ, ਪਰ "ਉਲਟੇ ਅਸੀਸ" ਦੇਣੀ ਹੈ (1 ਪਤਰਸ 3:9)।

ਪਰਮੇਸ਼ੁਰ ਨੇ ਸੱਚਮੁੱਚ ਪੁਰਖਿਆਂ ਦੀਆਂ ਸਰੀਰਕ ਅਤੇ ਆਤਮਿਕ ਅੰਸਾਂ ਦੇ ਰਾਹੀਂ "ਧਰਤੀ ਦੇ ਸਾਰੇ ਘਰਾਣਿਆਂ ਨੂੰ" ਬਰਕਤ ਦਿੱਤੀ ਜੋ ਮਸੀਹ ਦੇ ਆਉਣ ਪੂਰੀ ਹੋਈ (12:2, 3; ਗਲਾਤੀਆਂ 3:14, 16, 26-29)। ਮਸੀਹੀ ਹੋਣ ਦੇ ਨਾਤੇ ਅਸੀਂ ਆਪਣੇ ਵਿਰਸੇ ਵਿਚ ਖੁਸ਼ ਹੋ ਸਕਦੇ ਹਾਂ (1 ਪਤਰਸ 4:12-16)।

### ਪਾਪ ਦੁਆਰਾ ਅਯੋਗ ਠਹਿਰੇ ਆਗੂ (49:3-7)

ਪਾਪੀ ਕੰਮ ਲੋਕਾਂ ਨੂੰ ਆਗੂ ਦੇ ਅਹੁਦਿਆਂ ਦੇ ਲਈ ਅਯੋਗ ਠਹਿਰਾ ਸਕਦੇ ਹਨ (49:3-7)। ਉਹ ਸਜ਼ਾ ਉਨ੍ਹਾਂ ਅਸੀਸਾਂ ਵਿਚ ਵੇਖੀ ਗਈ ਹੈ ਜੋ ਯਾਕੂਬ ਨੇ ਆਪਣੇ ਪੁੱਤਰਾਂ ਨੂੰ ਦਿੱਤੀਆਂ ਸਨ।

ਪੁਰਖਿਆਂ ਦੇ ਸੰਸਾਰ ਵਿਚ ਅਸੀਸਾਂ ਦੇਣਾ ਜ਼ਰੂਰੀ ਸੀ, ਪਰ ਜੇਠੇ ਜਾਂ ਦੇਹਾਂਤ ਤੋਂ ਪਹਿਲਾਂ ਬਰਕਤ ਪ੍ਰਾਪਤ ਕਰਨ ਦਾ ਹੱਕ ਆਪਣੇ ਆਪ ਨਹੀਂ ਸੀ ਮਿਲਦਾ। ਨਾ ਹੀ ਦੇਹਾਂਤ ਤੋਂ ਪਹਿਲਾਂ ਦੀ ਅਸੀਸ ਹਮੇਸ਼ਾ ਸਕਾਰਾਤਮਕ ਹੁੰਦੀ ਸੀ। ਜਦ ਕਿ ਇਕ ਪਿਤਾ ਆਪਣੀ ਅੰਸ ਨੂੰ ਜਾਇਦਾਦ, ਖੁਸ਼ਹਾਲੀ ਅਤੇ ਪਰਿਵਾਰ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਦੇ ਸਕਦਾ ਸੀ, ਉਹ ਨਕਾਰਾਤਮਕ ਅਸੀਸਾਂ (ਸਰਾਪ) ਵੀ ਪਰਗਟ ਕਰ ਸਕਦਾ ਸੀ ਜੋ ਉਸ ਮੁੱਲ ਦੇ ਬਾਰੇ ਦੱਸਦੀਆਂ ਸਨ ਜੋ ਉਸ ਦੇ ਪੁੱਤਰਾਂ ਨੂੰ ਉਨ੍ਹਾਂ ਬੁਰੇ ਕੰਮਾਂ ਦੇ ਲਈ ਦੇਣਾ ਪੈਂਦਾ ਸੀ ਜੋ ਉਨ੍ਹਾਂ ਨੇ ਕੀਤੇ ਸਨ। ਇਕ ਅਰਥ ਵਿਚ, ਅਸੀਸਾਂ ਉਨ੍ਹਾਂ ਦੀਆਂ ਨਬੂਵਤਾਂ ਸਨ ਜੋ ਉਨ੍ਹਾਂ ਨੂੰ ਪ੍ਰਾਪਤ ਕਰਨ ਵਾਲਿਆਂ ਦੇ ਜੀਵਨ ਵਿਚ ਅਤੇ/ਜਾਂ ਉਨ੍ਹਾਂ ਦੇ ਅੰਸ ਦੇ ਭਵਿੱਖ ਵਿਚ ਹੋਣਾ ਹੁੰਦਾ ਸੀ।

ਪਹਿਲੀ ਵੱਡੀ ਬਰਕਤ ਆਮ ਤੌਰ ਤੇ ਜੇਠੇ ਪੁੱਤਰ ਨੂੰ ਉਸ ਦੇ ਜਨਮ ਸਿੱਧ ਅਧਿਕਾਰ ਵਜੋਂ ਮਿਲਦੀ ਸੀ, ਅਤੇ ਉਸ ਨੂੰ ਅਤੇ ਉਸ ਦੀ ਅੰਸ ਨੂੰ ਜ਼ਮੀਨ ਅਤੇ ਜਾਇਦਾਦ ਦਾ ਦੁੱਗਣਾ ਹਿੱਸਾ ਮਿਲਦਾ ਸੀ। ਇਸ ਸੰਬੰਧ ਵਿਚ ਯਾਕੂਬ ਨੇ ਰਊਬੇਨ ਨੂੰ ਛੱਡ ਦੇਣ ਨੂੰ ਚੁਣਿਆ। ਸਕਾਰਾਤਮਕ ਬਰਕਤ ਦੀ ਬਜਾਇ, ਉਸ ਨੇ ਆਪਣੇ ਜੇਠੇ ਪੁੱਤਰ ਨੂੰ ਸਰਾਪ-ਦੀ ਬਰਕਤ ਦਿੱਤੀ ਕਿਉਂਕਿ ਉਸ ਨੇ ਬਿਲਹਾਹ ਦੇ ਨਾਲ ਜਿਨਸੀ ਸੰਬੰਧ ਬਣਾਇਆ ਸੀ (35:22; 49:3, 4)। ਇਸ ਲਈ ਨਾ ਤਾਂ ਰਊਬੇਨ ਨੂੰ ਨਾ ਹੀ ਉਸ ਦੇ ਗੋਤ ਨੂੰ ਯਾਕੂਬ ਦੀ ਧਰਤੀ ਜਾਂ ਧਨ-ਦੌਲਤ ਵਿਚੋਂ ਦੁੱਗਣਾ ਭਾਗ ਪ੍ਰਾਪਤ ਹੋਇਆ (1 ਇਤਹਾਸ 5:1)। ਇਸ ਦੀ ਬਜਾਇ, ਦੁੱਗਣਾ ਹਿੱਸਾ ਯੂਸੁਫ਼ ਨੂੰ ਦਿੱਤਾ ਗਿਆ ਜੋ ਉਸ ਦੇ ਪੁੱਤਰਾਂ, ਇਫ਼ਰਾਈਮ ਅਤੇ ਮਨੱਸ਼ਹ ਨੇ ਪ੍ਰਾਪਤ ਕੀਤਾ (48:15-22; 49:22-26)।

ਯਾਕੂਬ ਨੇ ਉਹੀ ਸਰਾਪੀ-ਬਰਕਤ ਆਪਣੇ ਦੂਸਰੇ ਅਤੇ ਤੀਸਰੇ ਪੁੱਤਰ, ਸ਼ਿਮਓਨ ਅਤੇ ਲੇਵੀ ਨੂੰ, ਉਨ੍ਹਾਂ ਦੇ ਦੁਆਰਾ ਕੀਤੇ ਗਏ ਸ਼ਕਮ ਦੇ ਹੱਤਿਆਕਾਂਡ ਦੇ ਕਾਰਣ ਦਿੱਤੀ (34:24-31; 49:5-7)। ਉਨ੍ਹਾਂ ਦੇ ਪਰਿਵਾਰਾਂ ਨੂੰ ਕਨਾਨ ਵਿਚ ਜ਼ਮੀਨ ਅਲਾਟ ਨਹੀਂ ਕੀਤੀ ਗਈ; ਇਸ ਦੀ ਬਜਾਇ, ਉਹ ਇਸਰਾਏਲੀ ਲੋਕਾਂ ਦੇ ਵਿਚਕਾਰ ਖਿਲਰੇ ਹੋਏ ਸਨ (49:5-7)। ਸ਼ਿਮਓਨ ਦੇ ਘਰਾਣੇ ਯਹੂਦਾਹ ਨੂੰ ਅਲਾਟ ਹੋਈ ਭੂਮੀ ਦੀਆਂ ਸੀਮਾਵਾਂ ਵਿਚ ਵੱਸ ਗਏ, ਅਤੇ ਆਖਿਰਕਾਰ ਉਨ੍ਹਾਂ ਨੇ ਆਪਣੇ ਗੋਤ ਦੀ ਵੱਖਰੀ ਪਛਾਣ ਨੂੰ ਗੁਆ ਲਈ (ਯਹੋਸ਼ੁਆ 19:9)। ਲੇਵੀਆਂ ਨੂੰ ਬਾਰ੍ਹਾਂ

ਗੋਤਾਂ ਦੇ ਵਿਚਕਾਰ ਖਿੰਡਾਇਆ ਗਿਆ ਸੀ, ਜੋ ਕਨਾਨ ਦੇ ਪੂਰੇ ਦੇਸ ਵਿਚ ਅੜਤਾਲੀ ਜਾਜਕੀ ਸ਼ਹਿਰਾਂ ਵਿਚ ਰਹਿੰਦੇ ਸਨ (ਯਹੋਸ਼ੁਆ 21:41)।

ਆਪਣੇ ਪਹਿਲੇ ਤਿੰਨਾਂ ਪੁੱਤਰਾਂ ਵਿਚੋਂ ਕਿਸੇ ਨੂੰ ਜੇਠੇ ਹੋਣ ਦੀ ਬਰਕਤ ਨਾ ਦੇਣ ਦੇ ਦੁਆਰਾ, ਯਾਕੂਬ – ਭਾਵੇਂ ਜਾਣੇ ਜਾਂ ਅਣਜਾਣੇ ਵਿਚ – ਪਰਮੇਸ਼ੁਰ ਦੀ ਇੱਕ ਉਦਾਹਰਣ ਦਾ ਪਾਲਣ ਕਰ ਰਿਹਾ ਸੀ, ਜਿਸ ਨੇ ਉਸ ਨੂੰ ਆਪਣੇ ਭਰਾ ਹਾਬਲ ਦੀ ਹੱਤਿਆ ਕਰਨ ਦੇ ਕਾਰਣ ਕਾਇਨ ਨੂੰ ਮਨੁੱਖ ਜਾਤੀ ਦੇ ਪਰਿਵਾਰ ਤੋਂ ਬਾਹਰ ਕੱਢ ਦਿੱਤਾ ਸੀ। ਜਦੋਂ ਪਰਮੇਸ਼ੁਰ ਨੇ ਕਾਇਨ ਨੂੰ ਸਰਾਪ ਦਿੱਤਾ ਕਿਉਂਕਿ ਉਸ ਨੇ ਆਪਣੇ ਭਰਾ ਦੇ ਖ਼ੂਨ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਸੀ ਤਾਂ ਉਸ ਨੇ ਉਨ੍ਹਾਂ ਸਾਰੀਆਂ ਬਰਕਤਾਂ ਅਤੇ ਵਿਸ਼ੇਸ਼ ਅਧਿਕਾਰਾਂ ਨੂੰ ਗੁਆ ਲਿਆ ਜੋ ਆਦਮ ਅਤੇ ਹੱਵਾਹ ਦਾ ਜੇਠਾ ਪੁੱਤਰ ਹੋਣ ਦੇ ਨਾਤੇ ਉਸ ਨੂੰ ਮਿਲਣੇ ਸਨ (4:11)। ਕਾਇਨ ਦਾ ਚਰਿੱਤਰ ਅਜਿਹਾ ਸੀ ਕਿ ਆਪਣੇ ਪਿਤਾ ਆਦਮ ਦੀ ਮੌਤ ਤੋਂ ਬਾਅਦ ਉਹ ਮਨੁੱਖ ਜਾਤੀ ਦਾ ਆਗੂ ਹੋਣ ਦੇ ਯੋਗ ਨਹੀਂ ਸੀ। ਉਸ ਨੇ ਆਪਣੇ ਦੁਆਰਾ ਕੀਤੇ ਗਏ ਕਤਲ ਦੇ ਵਿਸ਼ੇ ਵਿਚ ਨਾ ਕੋਈ ਪਛਤਾਵਾ ਕੀਤਾ ਨਾ ਕੋਈ ਅਫ਼ਸੋਸ ਜਤਾਇਆ; ਇਸ ਦੀ ਬਜਾਇ, ਉਸ ਦਾ ਰਵੱਈਆ ਘਮੰਡੀ ਸੀ ਅਤੇ ਉਸ ਨੇ ਇਹ ਕਹਿੰਦੇ ਹੋਏ, "ਮੇਰਾ ਡੰਡ ਸਹਿਣ ਤੋਂ ਬਾਹਰ ਹੈ," ਆਪਣੇ ਆਪ ਨੂੰ ਰੱਬੀ ਅਨਿਆਂ ਦਾ ਸ਼ਿਕਾਰ ਸਮਝਿਆ (4:13)।

ਪਰਮੇਸ਼ੁਰ ਹਮੇਸ਼ਾ ਆਪਣੇ ਲੋਕਾਂ ਦੇ ਲਈ ਉਚਿਤ ਅਗਵਾਈ ਦੀ ਇੱਛਾ ਰੱਖਦਾ ਹੈ। ਇਸ ਛੋਟੇ ਜਿਹੇ ਕਥਨ ਵਿਚ ਇਤਹਾਸ ਦਾ ਸਾਰ ਦਿੱਤਾ ਜਾ ਸਕਦਾ ਹੈ: "ਜਿਹੋ ਜਿਹਾ ਰਾਜਾ, ਉਹੋ ਜਿਹੀ ਪਰਜਾ।" ਇਹ ਗੱਲ ਇੱਕ ਪਰਿਵਾਰ, ਕਬੀਲੇ, ਜਾਤੀ, ਕਲੀਸੀਆ, ਜਾਂ ਸਰਕਾਰ ਸਭਨਾਂ ਵਿਚ ਸੱਚ ਹੈ। ਜਦੋਂ ਲੋਕਾਂ ਦਾ ਆਗੂ ਕਾਇਨ ਵਰਗਾ ਹੁੰਦਾ ਹੈ, ਪਰਮੇਸ਼ੁਰ ਦੇ ਉੱਤੇ ਨਾਰਾਜ਼ ਹੋਣ ਅਤੇ ਲੋਕਾਂ ਦੀ ਬੇਇੱਜ਼ਤੀ ਕਰਨ ਦੇ ਘਮੰਡੀ ਦ੍ਰਿਸ਼ਟੀਕੋਣ ਦੇ ਕਾਰਣ, ਹਮੇਸ਼ਾ ਬੁਰੇ ਸਿੱਟੇ ਨਿਕਲਦੇ ਹਨ। ਬੁਰੇ ਰਵੱਈਏ ਅਤੇ ਕੰਮਾਂ ਦਾ ਵਿਰਸਾ ਅਕਸਰ ਬਾਅਦ ਦੀਆਂ ਪੀੜ੍ਹੀਆਂ ਤਕ ਪਹੁੰਚਦਾ ਹੈ, ਜਿਵੇਂ ਕਿ ਕਾਇਨ ਤੋਂ ਲਾਮਕ ਤਕ ਹੋਇਆ ਸੀ। ਬਾਅਦ ਵਾਲਾ ਕਾਇਨ ਦਾ ਵੰਸ਼ ਆਦਮ ਤੋਂ ਸੱਤਵੀਂ ਪੀੜ੍ਹੀ ਦਾ ਸੀ। ਆਪਣੇ ਪੁਰਖੇ ਦੇ ਵਾਂਗ, ਉਸ ਨੇ ਪਰਮੇਸ਼ੁਰ ਦੀਆਂ ਇੱਛਾਵਾਂ ਅਤੇ ਹੁਕਮਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਪਰਮੇਸ਼ੁਰ ਦੇ ਦੁਆਰਾ ਬਣਾਏ ਗਏ ਇਕਹਿਰੇ ਵਿਆਹ ਦੇ ਨਮੂਨੇ ਇੱਕ ਆਦਮੀ ਅਤੇ ਉਸ ਦੀ ਪਤਨੀ ਦੇ ਸਧਾਰਣ ਸੰਬੰਧ ਨੂੰ ਨਜ਼ਰਅੰਦਾਜ ਕਰਦੇ ਹੋਏ (2:24), ਲਾਮਕ ਨੇ ਦੋ ਪਤਨੀਆਂ ਕੀਤੀਆਂ (4:19)। ਇਸ ਤੋਂ ਇਲਾਵਾ, ਉਸ ਨੇ ਨਾ ਸਿਰਫ ਇੱਕ ਆਦਮੀ ਦਾ ਕਤਲ ਹੀ ਕੀਤਾ, ਪਰ ਆਪਣੀਆਂ ਪਤਨੀਆਂ ਅੱਗੇ ਇਸ ਦੇ ਵਿਸ਼ੇ ਵਿਚ ਡੀਂਗ ਵੀ ਮਾਰੀ (4:23, 24)।

ਬੁਰੀ ਅਗਵਾਈ ਦੇ ਵਿਨਾਸਕਾਰੀ ਸੁਭਾਅ ਦੀ ਇੱਕ ਉਦਾਹਰਣ ਯੂਹੰਨਾ ਦੀ ਤੀਸਰੀ ਪੱਤਰੀ ਵਿਚ ਵੀ ਪਾਈ ਜਾਂਦੀ ਹੈ, ਜਿਸ ਨੂੰ ਪਹਿਲੀ ਸਦੀ ਦੇ ਬਾਅਦ ਦੇ ਹਿੱਸੇ ਵਿਚ ਮਸੀਹੀਆਂ ਦੀ ਇੱਕ ਮੰਡਲੀ ਨੂੰ ਲਿਖਿਆ ਗਿਆ ਸੀ। ਇਸ ਕਲੀਸੀਆ ਦੇ ਦੋ ਆਗੂ (ਸ਼ਾਇਦ ਬਜ਼ੁਰਗ/ਐਲਡਰ) ਭਰਾਵਾਂ ਨੂੰ ਉਲਟ ਦਿਸ਼ਾ ਵੱਲ ਲੈ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਪਹਿਲਾ ਇੱਕ ਧਰਮੀ ਭਰਾ, ਗਾਯੁਸ, ਜਿਸ ਦੀ ਬਜ਼ੁਰਗ ਰਸੂਲ ਨੇ "ਸਚਿਆਈ ਉੱਤੇ ਚੱਲਣ" ਦੇ ਲਈ ਤਾਰੀਫ਼ ਕੀਤੀ ਸੀ (3 ਯੂਹੰਨਾ 4)। ਦੂਸਰਾ ਦਿਯੁਤ੍ਰਿਫੇਸ ਸੀ, ਜੋ ਸਪੱਸ਼ਟ ਤੌਰ ਤੇ ਇੱਕ ਨੌਸਟਿਕਵਾਦੀ ਸੀ ਜਾਂ ਇੱਕ ਨੌਸਟਿਕ ਮਸੀਹੀ[36] ਸੀ ਜੋ ਕੁੱਝ ਨੌਸਟਿਕ ਵਿਚਾਰਾਂ ਦਾ ਪੱਖ ਪੂਰਦਾ ਸੀ। ਜਾਹਿਰ ਹੈ ਕਿ, ਉਸ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਪਰਮੇਸ਼ੁਰ ਨੂੰ ਵੇਖਿਆ ਸੀ ਅਤੇ ਉਸ ਦੇ ਅਸਲੀ ਸੁਭਾਅ ਨੂੰ ਸਮਝਦਾ ਸੀ। ਇਸ ਤੋਂ ਇਲਾਵਾ, ਉਹ ਮੰਡਲੀ ਵਿਚ ਪ੍ਰਮੁੱਖ ਸਥਾਨ ਚਾਹੁੰਦਾ ਸੀ; ਅਤੇ ਜੋ ਲੋਕ ਉਸ ਦੇ ਨਾਲ ਅਸਹਿਮਤ ਸਨ ਉਨ੍ਹਾਂ ਨੂੰ "ਕਲੀਸਿਯਾ ਵਿੱਚੋਂ ਛੇਕ ਦਿੰਦਾ" ਸੀ (3 ਯੂਹੰਨਾ 10, 11)।

ਯੂਹੰਨਾ ਨੇ ਕੁਝ ਵਫ਼ਾਦਾਰ ਲੋਕਾਂ ਦੇ ਦੁਆਰਾ ਗਾਯੁਸ ਨੂੰ ਇਹ ਪੱਤਰੀ ਭੇਜੀ ਸੀ, ਅਤੇ ਇਸ ਨੂੰ ਕਲੀਸਿਆ ਦੇ ਵਿਚ ਪੜਿਆ ਜਾਣਾ ਸੀ। ਪਰ, ਦਿਯੁਤ੍ਰਿਫੇਸ ਨਾ ਤਾਂ ਭਰਾਵਾਂ ਨੂੰ ਮਿਲਿਆ ਨਾ ਹੀ ਉਸ ਨੇ ਕਲੀਸੀਆ ਵਿਚ ਪੱਤਰੀ ਨੂੰ ਪੜ੍ਹੇ ਜਾਣਦੀ ਇਜਾਜ਼ਤ ਹੀ ਦਿੱਤੀ ਕਿਉਂਕਿ ਉਹ ਯੂਹੰਨਾ ਦੀ ਸਿੱਖਿਆ ਦਾ ਵਿਰੋਧ ਕਰਦਾ ਸੀ (3 ਯੂਹੰਨਾ 9)। ਰੱਦੀ ਜਾਣ ਵਾਲੀ ਪੱਤਰੀ 2 ਯੂਹੰਨਾ ਜਾਂ ਇਸ ਦੇ ਵਰਗੀ ਕੋਈ ਪੱਤਰੀ ਹੋ ਸਕਦੀ ਹੈ, ਜੋ ਨੌਸਟਿਕਵਾਦ ਦੀ ਨਿੰਦਾ ਕਰਦੀ ਹੈ ਜੋ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਯਿਸੂ ਮਸੀਹ ਸੱਚਮੁੱਚ ਦੇਹਧਾਰੀ ਹੋ ਕੇ ਇਸ ਸੰਸਾਰ ਵਿਚ ਆਇਆ। ਯੂਹੰਨਾ ਨੇ ਕਿਹਾ ਕਿ ਅਜਿਹੇ ਵਿਅਕਤੀ "ਧੋਖੇਬਾਜ਼" ਅਤੇ ਮਸੀਹ ਵਿਰੋਧੀ ਸਨ ਅਤੇ ਮੰਡਲੀ ਦੇ ਦੁਆਰਾ ਉਨ੍ਹਾਂ ਨੂੰ ਗ੍ਰਹਿਣ ਜਾਂ ਉਨ੍ਹਾਂ ਦਾ ਸੰਗਤੀ ਨਹੀਂ ਕੀਤੀ ਗਈ ਸੀ। ਉਨ੍ਹਾਂ ਦੇ "ਬੁਰੇ ਕੰਮਾਂ" ਵਿਚ ਸਾਂਝੀ ਹੋ ਕੇ ਭਟਕ ਜਾਣ ਦਾ ਖਤਰਾ ਬਹੁਤ ਹੀ ਵੱਡਾ ਸੀ (2 ਯੂਹੰਨਾ 7-11)। ਯੂਹੰਨਾ ਦੇ ਸ਼ਬਦ ਕਠੋਰ ਜਾਪ ਸਕਦੇ ਹਨ, ਪਰ ਨੌਸਟਿਕਵਾਦ ਪੰਥ ਮਸੀਹ ਦੀ ਦੇਹੀ ਦੇ ਵਿਚ ਕੈਂਸਰ ਦੇ ਵਾਂਗ ਸੀ ਜਿਸ ਨੂੰ ਹਟਾਉਣਾ ਜ਼ਰੂਰੀ ਸੀ। ਯਿਸੂ ਦਾ ਦੇਹਧਾਰੀ ਹੋਣਾ ਮਸੀਹੀ ਧਰਮ ਦੀ ਇੱਕ ਬੁਨਿਆਦੀ ਸੱਚਾਈ ਹੈ: ਮਨੁੱਖ ਜਾਤੀ ਦੇ ਨਾਲ ਪਰਮੇਸ਼ੁਰ ਦਾ ਪ੍ਰੇਮ ਇੰਨਾ ਵੱਡਾ ਹੈ ਕਿ ਉਹ ਸੱਚਮੁੱਚ ਮਸੀਹ ਯਿਸੂ ਵਿਅਕਤੀ ਦੇ ਰੂਪ ਵਿਚ ਮਨੁੱਖੀ ਇਤਹਾਸ ਵਿਚ ਸ਼ਾਮਲ ਹੋਇਆ, ਤਾਂ ਕਿ ਪਾਪੀਆਂ ਨੂੰ ਬਚਾਉਣ ਦੇ ਲਈ ਦੁੱਖ ਉਠਾਵੇ ਅਤੇ ਮਰੇ (ਯੂਹੰਨਾ 3:16; 2 ਕੁਰਿੰਥੀਆਂ 5:19-21; 1 ਤਿਮੋਥਿਉਸ 1:15)।

ਦਿਯੁਤ੍ਰਿਫੇਸ ਦਾ ਸੁਭਾਅ ਉਸ ਸੁਭਾਅ ਤੋਂ ਉਲਟ ਸੀ ਜੋ ਪਰਮੇਸ਼ੁਰ ਆਪਣੇ ਆਤਮਿਕ ਆਗੂਆਂ ਵਿਚ ਚਾਹੁੰਦਾ ਹੈ। ਉਸ ਦਾ ਰਵੱਈਆ ਹੈਕਲ ਵਿਚਲੇ ਫ਼ਰੀਸੀ ਆਗੂਆਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ ਆਪਣੇ ਮਨ ਅਤੇ ਅੱਖਾਂ ਉਸ ਆਦਮੀ ਦੇ ਵਿਸ਼ੇ ਵਿਚ ਜੋ ਸੱਚਾਈ ਸੀ ਉਸ ਤੋਂ ਬੰਦ ਕਰ ਲਏ ਸਨ ਜੋ ਅੰਨ੍ਹਾ ਜੰਮਿਆ ਸੀ ਅਤੇ ਜਿਸ ਨੂੰ ਯਿਸੂ ਨੇ ਚੰਗਾ ਕੀਤਾ ਸੀ। ਉਹ ਲੋਕ ਉਸ ਵਿਅਕਤੀ ਦੀ ਗਵਾਹੀ ਤੇ ਵਿਸ਼ਵਾਸ ਨਹੀਂ ਕਰ ਸਕਦੇ ਸਨ ਪਰ ਉਸ ਨੂੰ ਖਾਰਿਜ ਵੀ ਨਹੀਂ ਕਰ ਸਕਦੇ ਸਨ, ਇਸ ਲਈ ਉਨ੍ਹਾਂ ਨੇ ਉਸ ਨੂੰ ਹੈਕਲ ਵਿਚੋਂ "ਛੇਕ ਦਿੱਤਾ" (ਯੂਹੰਨਾ 9:34)। ਇਸੇ ਤਰ੍ਹਾਂ, ਦਿਯੁਤ੍ਰਿਫੇਸ ਨੇ ਯਿਸੂ ਦੇ ਸੁਭਾਅ ਦੇ ਵਿਸ਼ੇ ਵਿਚ ਯੂਹੰਨਾ ਦੀਆਂ ਸਿੱਖਿਆਵਾਂ ਨੂੰ ਸਵੀਕਾਰ ਨਹੀਂ ਕੀਤਾ ਸੀ। ਉਸ ਨੇ "ਬੁਰੀਆਂ ਗੱਲਾਂ" ਦੇ ਨਾਲ ਯੂਹੰਨਾ ਉੱਤੇ ਦੋਸ਼ ਲਾਇਆ ਅਤੇ ਉਸ ਨੇ ਉਨ੍ਹਾਂ ਲੋਕਾਂ ਨੂੰ "ਕਲੀਸੀਆ ਵਿਚੋਂ ਛੇਕ ਦਿੱਤਾ" ਜੋ ਉਸ ਦੇ ਨਾਲ ਅਸਹਿਮਤ ਸਨ।

ਯੂਹੰਨਾ ਨੇ ਕਿਹਾ ਕਿ ਉਹ ਦਿਯੁਤ੍ਰਿਫੇਸ ਨਾਲ ਨਿਪਟਣ ਦੇ ਲਈ ਆ ਰਿਹਾ ਸੀ (3 ਯੂਹੰਨਾ 10)। ਅਸੀਂ ਨਹੀਂ ਜਾਣਦੇ ਕਿ ਜਦੋਂ ਯੂਹੰਨਾ ਆਇਆ ਅਤੇ ਝੂਠੇ ਉਪਦੇਸ਼ਕ ਅਤੇ ਆਗੂ ਦਾ ਸਾਹਮਣਾ ਕੀਤਾ ਤਾਂ ਕੀ ਹੋਇਆ ਸੀ। ਸ਼ਾਇਦ ਉਹ ਆਪਣੇ ਝੂਠ ਦੇ ਕਾਰਣ ਮਰ ਗਿਆ ਸੀ, ਜਿਵੇਂ ਹਨਾਨਿਯਾ ਦੇ ਨਾਲ ਹੋਇਆ ਸੀ (ਰਸੂਲਾਂ ਦੇ ਕਰਤੱਬ 5:5), ਜਾਂ ਉਹ ਇਲਮਾਸ ਦੇ ਵਾਂਗ, ਜੋ ਇੱਕ ਜਾਦੂਗਰ ਸੀ ਜਿਸ ਨੇ ਸਾਈਪਰਸ ਟਾਪੂ ਤੇ ਪੌਲੁਸ ਦੀ ਸਿੱਖਿਆ ਦਾ ਵਿਰੋਧ ਕੀਤਾ, ਅੰਨ੍ਹਾ ਹੋ ਗਿਆ ਸੀ (ਰਸੂਲਾਂ ਦੇ ਕਰਤੱਬ 13:11)। ਅਸੀਂ ਕੇਵਲ ਅਨੁਮਾਨ ਲਗਾ ਸਕਦੇ ਹਾਂ ਕਿ ਸਾਬਕਾ "ਗਰਜਣ ਦੇ ਪੁੱਤਰ" (ਮਰਕੁਸ 3:17) ਨੇ ਸ਼ਕਤੀ ਦੇ ਘਮੰਡੀ ਵਿਹਾਰ ਦੇ ਵਿਰੋਧ ਵਿਚ ਗੰਭੀਰ ਫੈਸਲਾ ਲਿਆ ਸੀ। ਅਸੀਂ ਆਸ ਕਰ ਸਕਦੇ ਹਾਂ ਕਿ ਬਹੁਤ ਦੇਰ ਹੋਣ ਤੋਂ ਪਹਿਲਾਂ ਦਿਯੁਤ੍ਰਿਫੇਸ ਨੇ ਆਪਣਾ ਸਬਕ ਸਿੱਖ ਲਿਆ ਹੋਵੇਗਾ, ਪਰ ਆਗੂ ਘਮੰਡ ਦੇ ਨਾਲ ਇੰਨੇ ਭਰੇ ਹੋਏ ਹੋ ਸਕਦੇ ਹਨ ਕਿ ਉਨ੍ਹਾਂ ਨੇ ਆਪਣੇ ਮਨ ਬਦਲਣ ਜਾਂ ਜੀਵਨ ਸ਼ੈਲੀ ਬਦਲਣ ਦੇ ਲਈ ਕੋਈ ਜਗਾ ਹੀ ਨਹੀਂ ਛੱਡੀ ਹੁੰਦੀ ਹੈ। ਕੁਝ ਲੋਕ ਪ੍ਰਭੂ ਦੇ ਸਾਹਮਣੇ ਆਪਣੇ ਆਪ ਨੂੰ ਨਿਮਰ ਕਰਨ ਤੋਂ ਇਨਕਾਰ ਕਰ ਦਿੰਦੇ ਹਨ ਤਾਂ ਕਿ ਉਹ ਉਸ ਨੂੰ ਉੱਚਾ ਨਾ ਚੁੱਕ ਸਕੇ।

### ਪਰਮੇਸ਼ੁਰ ਦੀ ਮਾਫ਼ੀ: ਯਹੂਦਾਹ ਦੀ ਕਹਾਣੀ (49:8-12)

ਪਰਮੇਸ਼ੁਰ ਦੀ ਕਿਰਪਾ ਦੇ ਨਾਲ, ਮੁਢਲੇ ਜੀਵਨ ਦੇ ਪਾਪੀ ਕੰਮ ਮਨੁੱਖਾਂ ਨੂੰ ਜੇਕਰ ਉਹ ਆਪਣੇ ਆਪ ਨੂੰ ਪਰਮੇਸ਼ੁਰ ਦੇ ਸਾਹਮਣੇ ਨਿਮਰ ਕਰਦੇ ਹਨ ਤਾਂ ਹਮੇਸ਼ਾ ਅਗਵਾਈ ਦੀਆਂ ਉੱਚੀਆਂ ਪਦਵੀਆਂ ਤੋਂ ਰੋਕਦੀਆਂ ਨਹੀਂ ਹਨ (49:8-12)। ਸੰਪੂਰਣ ਪਵਿੱਤਰ ਲਿਖਤ ਵਿਚ ਮੂਲ ਵਿਚਾਰ ਇਹ ਹੈ ਕਿ ਪਰਮੇਸ਼ੁਰ ਕਿਸੇ ਵੀ ਪਛਚਾਤਾਪ ਕਰਨ ਵਾਲੇ ਅਪਰਾਧੀ ਨੂੰ ਮਾਫ਼ ਕਰਨ ਅਤੇ ਉੱਚਾ ਚੁੱਕਣ ਦੇ ਯੋਗ ਹੈ ਜੋ ਆਪਣੇ ਆਪ ਨੂੰ ਉਸ ਦੇ ਸਾਹਮਣੇ ਨੀਵਾਂ ਕਰਦਾ ਅਤੇ ਉਨ੍ਹਾਂ ਲੋਕਾਂ ਤੋਂ ਮਾਫ਼ੀ ਮੰਗਣਾ ਚਾਹੁੰਦਾ ਹੈ ਜਿਨ੍ਹਾਂ ਦੇ ਨਾਲ ਉਸ ਨੇ ਬੁਰਾਈ ਕੀਤੀ ਹੈ। ਇਸ ਤਰ੍ਹਾਂ ਮਨ ਦੇ ਬਦਲਣਾ ਕਦੀ ਵੀ ਆਸਾਨ ਨਹੀਂ ਹੁੰਦਾ ਹੈ, ਅਤੇ ਕਈ ਵਾਰ ਇਹ ਸਿਰਫ ਬਹੁਤ ਹੀ ਮਿਹਨਤ ਅਤੇ ਪਰੀਖਿਆਵਾਂ ਤੋਂ ਬਾਅਦ ਹੀ ਪ੍ਰਾਪਤ ਹੁੰਦਾ ਹੈ। ਯਾਕੂਬ ਦੇ ਚੌਥੇ ਪੁੱਤਰ, ਯਹੂਦਾਹ ਦੀ ਇਹੋ ਸਥਿਤੀ ਸੀ।

ਆਪਣੇ ਜੀਵਨ ਦੇ ਪਹਿਲੇ ਭਾਗ ਵਿਚ, ਯਹੂਦਾਹ ਸ਼ਾਇਦ ਯਾਕੂਬ ਦੇ ਸਾਰੇ ਪੁੱਤਰਾਂ ਵਿਚੋਂ ਸ਼ਾਇਦ ਸਭ ਤੋਂ ਘੱਟ ਸੰਭਾਵਿਤ ਆਗੂਆਂ ਵਿਚੋਂ ਇੱਕ ਰਿਹਾ ਹੋਵੇਗਾ। ਇਸ ਨੂੰ ਸਭ ਤੋਂ ਪਹਿਲਾਂ ਉਸ ਦੇ ਭਰਾ ਯੂਸੁਫ਼ ਦੇ ਨਾਲ ਵਿਹਾਰ ਵਿਚ ਵੇਖਿਆ ਜਾ ਸਕਦਾ ਹੈ। ਕੁੱਝ ਸਮੇਂ ਬਾਅਦ, ਯਹੂਦਾਹ ਅਤੇ ਹੋਰ ਭਰਾ ਯੂਸੁਫ਼ ਦੇ ਨਾਲ ਨਫ਼ਰਤ ਕਰਨ ਲੱਗੇ, ਜੋ ਯਾਕੂਬ ਦਾ ਲਾਡਲਾ ਪੁੱਤਰ ਸੀ। ਉਨ੍ਹਾਂ ਨੇ ਇਸ ਤੱਥ ਨੂੰ ਤੁੱਛ ਸਮਝਿਆ ਕਿ ਉਨ੍ਹਾਂ ਦਾ ਪਿਤਾ ਉਸ ਨਾਲ ਖਾਸ ਵਿਹਾਰ ਕਰਦਾ ਸੀ ਅਤੇ ਉਸ ਨੇ ਆਪਣੇ ਪਿਤਾ ਦੁਆਰਾ ਦਿੱਤਾ ਗਿਆ ਮਹਿੰਗਾ ਚੋਗਾ ਪਹਿਨਿਆ ਹੋਇਆ ਸੀ (37:3, 4)। ਭਰਾਵਾਂ ਨੇ ਉਸ ਦੇ ਸੁਫਨਿਆਂ ਨੂੰ ਵੀ ਨਹੀਂ ਸਲਾਹਿਆ, ਜਿਨ੍ਹਾਂ ਵਿਚ ਇਹ ਕਿਹਾ ਗਿਆ ਸੀ ਕਿ ਇੱਕ ਦਿਨ ਉਹ ਉਸ ਦੇ ਅਧੀਨ ਹੋਣਗੇ (37:5-11)। ਜਦੋਂ ਮੌਕਾ ਮਿਲਿਆ, ਤਾਂ ਉਨ੍ਹਾਂ ਨੇ ਪਹਿਲਾਂ ਉਸ ਨੂੰ ਮਾਰ ਦੇਣ ਦਾ ਵਿਚਾਰ ਕੀਤਾ (37:12-24)। ਫਿਰ ਉਨ੍ਹਾਂ ਨੇ ਵੇਖਿਆ ਕਿ ਕੁੱਝ ਮਿਦਯਾਨੀ ਵਪਾਰੀ ਮਿਸਰ ਨੂੰ ਜਾ ਰਹੇ ਸਨ। ਯਹੂਦਾਹ ਉਹ ਸੀ ਜਿਸ ਨੇ ਬੜੇ ਉਦਾਸੀਨ ਮਨ ਦੇ ਨਾਲ ਇਹ ਸਲਾਹ ਦਿੱਤੀ ਕਿ ਉਹ ਉਸ ਨੂੰ ਵੇਚ ਕੇ ਕੁੱਝ ਪੈਸੇ ਕਮਾ ਲੈਣ (37:25-28)।

ਜਾਹਿਰ ਹੈ ਕਿ ਯਹੂਦਾਹ ਇੱਕ ਜਿੱਦੀ ਨੌਜਵਾਨ ਸੀ, ਕਿਉਂਕਿ ਉਹ ਘਰੋਂ ਚਲਾ ਗਿਆ ਸੀ ਅਤੇ ਆਪਣੇ ਪਿਤਾ ਨੂੰ ਦੱਸੇ ਬਗੈਰ ਜਾਂ ਉਸ ਦੀ ਬਰਕਤ ਹਾਸਲ ਕੀਤੇ ਬਿਨਾਂ ਉਸ ਨੇ ਆਪਣੇ ਪੁਰਖਿਆਂ ਦੀ ਰੀਤ ਤੋਂ ਉਲਟ, ਇੱਕ ਗੈਰ ਕਨਾਨੀ ਕੁੜੀ ਨਾਲ ਵਿਆਹ ਕਰਵਾ ਲਿਆ (38:1, 2)। ਉਸ ਮਿਲਾਪ ਦੇ ਨਾਲ, ਯਹੂਦਾਹ ਅਤੇ ਉਸ ਦੀ ਪਤਨੀ ਦੇ ਤਿੰਨ ਪੁੱਤਰ ਹੋਏ ਸਨ। ਯਹੂਦਾਹ ਨੇ ਆਪਣੇ ਜੇਠੇ ਪੁੱਤਰ, ਏਰ ਦਾ ਵਿਆਹ, ਇੱਕ ਜਵਾਨ ਕਨਾਨੀ ਕੁੜੀ ਦੇ ਨਾਲ ਕਰਵਾ ਦਿੱਤਾ ਜਿਸ ਦਾ ਨਾਮ ਤਾਮਾਰ ਸੀ। ਪਰ, ਏਸ ਇੰਨਾ ਦੁਸ਼ਟ ਸੀ ਕਿ ਪ੍ਰਭੂ ਨੇ ਉਸ ਦਾ ਜੀਵਨ ਲੈ ਲਿਆ (38:6, 7)। ਫਿਰ, ਲੇਵੀਆਂ ਦੀ ਰੀਤ ਅਨੁਸਾਰ, ਯਹੂਦਾਹ ਨੇ ਆਪਣੇ ਦੂਸਰੇ ਪੁੱਤਰ, ਓਨਾਨ ਨੂੰ ਆਪਣੇ ਭਰਾ ਦੀ ਪਤਨੀ ਦਾ ਪਤੀ ਹੋਣ ਦੇ ਲਈ ਕਿਹਾ, ਤਾਂ ਕਿ ਉਸ ਦੇ ਇੱਕ ਬੱਚੇ ਨੂੰ ਪਾਲਿਆ ਜਾ ਸਕੇ ਜਿਸ ਨੇ ਏਰ ਦਾ ਪੁੱਤਰ ਕਹਾਉਣਾ ਸੀ ਅਤੇ ਉਸ ਨੂੰ ਕਿਸੇ ਵੀ ਵਿਰਾਸਤ ਦਾ ਹਿੱਸਾ ਪ੍ਰਾਪਤ ਹੋਣਾ ਸੀ। ਅਜਿਹੇ ਬੱਚੇ ਨੇ, ਏਰ ਦੀ ਵਿਧਵਾ ਹੋਣ ਦੇ ਨਾਤੇ, ਬਾਅਦ ਦੇ ਜੀਵਨ ਵਿਚ ਕੁੱਝ ਹੱਦ ਤਕ ਤਾਮਾਰ ਦੀ ਸਹਾਇਤਾ ਵੀ ਕਰਨੀ ਸੀ। ਪਰ, ਓਨਾਨ ਵੀ ਇੱਕ ਬੁਰਾ ਮਨੁੱਖ ਸੀ। ਉਸ ਨੇ ਆਪਣੇ ਭਰਾ ਦੀ ਪਤਨੀ ਨੂੰ ਜਿਨਸੀ ਸੰਬੰਧ ਬਣਾਉਣ ਦੀ ਇੱਕ ਵਸਤੂ ਦੇ ਰੂਪ ਵਿਚ ਇਸਤੇਮਾਲ ਕੀਤਾ ਪਰ ਉਸ ਨੂੰ ਗਰਭਣੀ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਲਈ, ਪਰਮੇਸ਼ੁਰ ਨੇ ਉਸ ਦੇ ਜੀਵਨ ਨੂੰ ਲੈ ਲਿਆ (38:8-10)। ਇਸ ਸਥਿਤੀ ਵਿਚ, ਯਹੂਦਾਹ ਨਹੀਂ ਜਾਣਦਾ ਸੀ ਕਿ ਉਹ ਤਾਮਾਰ, ਆਪਣੀ ਨੂੰਹ ਦੇ ਨਾਲ ਕੀ ਕਰੇ, ਜੋ ਪਹਿਲਾਂ ਤੋਂ ਹੀ ਦੋ ਵਾਰ

ਵਿਧਵਾ ਹੋ ਚੁੱਕੀ ਸੀ। ਉਸ ਦਾ ਇੱਕ ਤੀਸਰਾ ਪੁੱਤਰ ਸੀ, ਸ਼ੇਲਾਹ; ਪਰ ਉਸ ਨੂੰ ਡਰ ਸੀ ਕਿ ਤਾਮਾਰ ਸਰਾਪਿਤ ਸੀ ਅਤੇ, ਜੇਕਰ ਉਹ ਆਪਣੇ ਸਭ ਤੋਂ ਛੋਟੇ ਪੁੱਤਰ ਦੇ ਨਾਲ ਵਿਆਹ ਵਿਚ ਦੇਵੇਗਾ, ਤਾਂ ਹੋ ਸਕਦਾ ਹੈ ਕਿ ਉਹ ਵੀ ਮਰ ਜਾਵੇ। ਇਸ ਲਈ, ਉਸ ਨੇ ਉਸ ਨੂੰ ਕਿਹਾ ਕਿ ਉਹ ਘਰ ਚਲੀ ਜਾਵੇ ਅਤੇ ਜਦੋਂ ਤਕ ਸ਼ੇਲਾਹ ਜਵਾਨ ਨਾ ਹੋ ਜਾਵੇ ਉਹ ਆਪਣੇ ਪਿਤਾ ਦੇ ਘਰ ਵਿਚ ਹੀ ਰਹੇ (38:11)।

ਜਿਵੇਂ ਜਿਵੇਂ ਸਮਾਂ ਬੀਤਦਾ ਗਿਆ, ਯਹੂਦਾਹ ਦੀ ਪਤਨੀ ਮਰ ਗਈ ਅਤੇ ਤਾਮਾਰ ਇਸ ਗੱਲ ਨੂੰ ਸਮਝ ਗਈ ਕਿ ਉਸ ਦਾ ਸਹੁਰੇ ਦੇ ਇਰਾਦਾ ਨਹੀਂ ਹੈ ਕਿ ਸ਼ੇਲਾਹ ਨੂੰ ਪਤੀ ਦੇ ਤੌਰ ਤੇ ਉਸ ਨੂੰ ਦੇਵੇ। ਨਿਰਾਸ਼ ਹੋ ਕੇ, ਉਸ ਨੇ ਇੱਕ ਭਿਆਨਕ ਯੋਜਨਾ ਬਣਾਈ ਕਿ ਜਦੋਂ ਉਸ ਦਾ ਸੌਹਰਾ ਉੱਨ ਕਤਰਨ ਨੂੰ ਤਿਮਨਾਥ ਦੇ ਰਾਹ ਤੋਂ ਲੰਘੇਗਾ ਤਾਂ ਉਹ ਘੁੰਡ ਕੱਢ ਕੇ ਇੱਕ ਵੇਸਵਾ ਦੇ ਰੂਪ ਵਿਚ ਉਸ ਦੇ ਰਾਹ ਵਿਚ ਬੈਠੇਗੀ। ਜਿਵੇਂ ਤਾਮਾਰ ਨੇ ਸੋਚਿਆ ਸੀ, ਲੰਘਦੇ ਹੋਏ ਯਹੂਦਾਹ ਨੇ ਉਸ ਨੂੰ ਵੇਖਿਆ, ਅਤੇ ਇਹ ਸਮਝ ਕੇ ਕ ਉਹ ਇੱਕ ਵੇਸਵਾ ਹੈ, ਉਸ ਨੂੰ ਜਿਨਸੀ ਸੰਬੰਧ ਬਣਾਉਣ ਦਾ ਪ੍ਰਸਤਾਵ ਦਿੱਤਾ। ਕਿਉਂਕਿ ਉਸ ਦੇ ਕੋਲ ਮੁੱਲ ਭਰਨ ਦੇ ਲਈ ਕੁੱਝ ਵੀ ਨਹੀਂ ਸੀ, ਇਸ ਲਈ ਉਸ ਨੇ ਵਾਇਦਾ ਕੀਤਾ ਕਿ ਉਹ ਭੁਗਤਾਨ ਦੇ ਤੌਰ ਤੇ ਬੱਕਰੀ ਦਾ ਇੱਕ ਛੇਲਾ ਉਸ ਨੂੰ ਘੱਲ ਦੇਵੇਗਾ। ਪਰ, ਤਾਮਾਰ ਇੰਨੀ ਚਾਲਾਕ ਸੀ ਕਿ ਉਸ ਨੇ ਉਹ ਨੂੰ ਮੰਗ ਕੀਤੀ ਕਿ ਉਹ ਆਪਣੀ ਮੋਹਰ, ਰੱਸੀ, ਅਤੇ ਲਾਠੀ ਉਸ ਕੋਲ ਗਹਿਣੇ ਰੱਖ ਦੇਵੇ। ਉਸ ਨੂੰ ਬੱਕਰੀ ਦੀ ਕੋਈ ਪਰਵਾਹ ਨਹੀਂ ਸੀ (38:12-18); ਉਹ ਸਿਰਫ ਇੱਕ ਪੁੱਤਰ ਪ੍ਰਾਪਤ ਕਰਨਾ ਚਾਹੁੰਦੀ ਸੀ।

ਜਦੋਂ ਯਹੂਦਾਹ ਨੇ ਇਹ ਸੋਚ ਕੇ ਉਹ ਇੱਕ ਵੇਸਵਾ ਸੀ ਉਸ ਨੂੰ ਭੁਗਤਾਨ ਕਰਨ ਦੇ ਲਈ ਭੇਜਿਆ ਤਾਂ, ਉਹ ਨਾ ਲੱਭ ਸਕਿਆ। ਤਿੰਨਾਂ ਮਹੀਨਿਆਂ ਪਿੱਛੋਂ, ਯਹੂਦਾਹ ਨੇ ਸੁਣਿਆ ਕਿ ਤਾਮਾਰ ਨੇ ਇੱਕ ਵੇਸਵਾ ਵਰਗਾ ਵਰਤਾਵਾ ਕੀਤਾ ਸੀ ਅਤੇ ਉਹ ਗਰਭਵਤੀ ਸੀ। ਤਾਂ ਉਸ ਨੇ ਕ੍ਰੋਧ ਨਾਲ ਭਰ ਕੇ ਮੰਗ ਕੀਤੀ ਕਿ ਉਸ ਨੂੰ ਬਾਹਰ ਲਿਆਇਆ ਜਾਵੇ ਅਤੇ ਸਾੜ ਦਿੱਤਾ ਜਾਵੇ, ਪਰ ਉਸ ਨੂੰ ਆਪਣੇ ਸਹੁਰੇ ਨੂੰ ਨਿਮਨਲਿਖਤ ਸੰਦੇਸ਼ ਭੇਜਿਆ: "ਭਈ ਜਿਸ ਮਨੁੱਖ ਦੀਆਂ ਇਹ ਚੀਜ਼ਾਂ ਹਨ ਮੈਨੂੰ ਉਸ ਦਾ ਗਰਭ ਹੈ" (38:25)। ਜਦੋਂ ਯਹੂਦਾਹ ਨੇ ਆਪਣੀ ਮੋਹਰ, ਰੱਸੀ, ਅਤੇ ਲਾਠੀ ਵੇਖੀ, ਤਾਂ ਉਸ ਨੂੰ ਆਪਣੇ ਪਾਪ ਦਾ ਅਹਿਸਾਸ ਹੋਇਆ ਅਤੇ ਉਸ ਨੇ ਕਿਹਾ, "ਉਹ ਮੈਥੋਂ ਧਰਮੀ ਹੈ" (38:26)। ਉਹ ਜਾਣਦਾ ਸੀ ਕਿ ਉਸ ਨੇ ਸ਼ੇਲਾਹ ਨੂੰ ਪਤੀ ਦੇ ਰੂਪ ਵਿਚ ਉਸ ਨੂੰ ਨਾ ਦੇ ਕੇ ਉਸ ਨੂੰ ਅਜਿਹਾ ਘਟੀਆ ਕੰਮ ਕਰਨ ਦੇ ਲਈ ਮਜਬੂਰ ਕਰ ਦਿੱਤਾ ਸੀ। ਇਸ ਦੁਖਦਾਇਕ ਘਟਨਾ ਤੋਂ ਬਾਅਦ, ਯਹੂਦਾਹ ਨੇ ਤਾਮਾਰ ਦੇ ਪ੍ਰਤਿ ਸਨਮਾਨ ਵਿਖਾਇਆ ਅਤੇ ਦੁਬਾਰਾ ਕਦੀ ਵੀ ਉਸ ਦੇ ਨਾਲ ਸੰਗ ਨਹੀਂ ਕੀਤਾ (38:26)। ਲਗਭਗ ਛੇ ਮਹੀਨਿਆਂ ਦੇ ਬਾਅਦ, ਉਸ ਨੇ ਪਾਰਸ ਅਤੇ ਜ਼ਾਰਾਹ ਨਾਮਕ ਜੋੜੇ ਪੁੱਤਰਾਂ ਨੂੰ ਜਨਮ ਦਿੱਤਾ (38:29, 30)।

ਅਸੀਂ ਕਈ ਸਾਲਾਂ ਬਾਅਦ ਉਸ ਸਮੇਂ ਤਕ ਯਹੂਦਾਹ ਦੇ ਜੀਵਨ ਦੇ ਵਿਸ਼ੇ ਵਿਚ ਥੋੜਾ ਜਿਹਾ ਹੋਰ ਜਾਣਦੇ ਹਾਂ, ਜਦੋਂ ਦੱਖਣ-ਪੂਰਬੀ ਭੂ-ਮੱਧ ਸਾਗਰੀ ਸੰਸਾਰ ਵਿਚ ਇੱਕ ਮਹਾਨ ਅਕਾਲ ਫੈਲਿਆ ਸੀ। ਇਸ ਅਕਾਲ ਨੇ ਯਹੂਦਾਹ ਅਤੇ ਯਾਕੂਬ ਦੇ ਹੋਰ ਨੌ ਪੁੱਤਰਾਂ ਦੇ ਲਈ ਮਿਸਰ ਵਿਚ ਜਾਣ ਦੀ ਸਥਿਤੀ ਨੂੰ ਪੈਦਾ ਕਰ ਦਿੱਤਾ ਸੀ। ਆਸ-ਪਾਸ ਦੇ ਬਹੁਤ ਸਾਰੇ ਇਲਾਕਿਆਂ ਦੇ ਵਾਂਗ, ਉਨ੍ਹਾਂ ਨੂੰ ਅਨਾਜ ਖਰੀਦਣ ਦੇ ਲਈ ਮਿਸਰ ਵਿਚ ਜਾਣਾ ਪਿਆ ਸੀ (41:53-57)। ਅਨਾਜ ਦੀ ਲੋੜ ਨੇ ਯਹੂਦਾਹ ਨੂੰ ਯਾਕੂਬ ਦੇ ਪਰਿਵਾਰ ਦੇ ਆਗੂ ਵਿਚ ਉਭਰਣ ਦਾ ਮੌਕਾ ਵੀ ਪ੍ਰਦਾਨ ਕੀਤਾ।

ਆਪਣੇ ਪਰਿਵਾਰ ਨੂੰ ਅਕਾਲ ਦੇ ਸੰਕਟ ਵਿਚ ਵੇਖ ਕੇ, ਯਹੂਦਾਹ ਦਾ ਮਨ ਬਦਲਣਾ ਸ਼ੁਰੂ ਹੋ ਗਿਆ। ਹੁਣ ਉਹ ਆਪਣੇ ਬਾਰੇ ਨਹੀਂ ਸੋਚਦਾ ਸੀ; ਪਰ, ਉਸ ਨੇ ਇਸ ਗੱਲ ਨੂੰ ਸਮਝਣਾ ਸ਼ੁਰੂ ਕਰ ਦਿੱਤਾ ਕਿ ਉਸ ਦੇ ਲਈ ਆਪਣੇ ਆਪ ਦੀ ਬਜਾਇ ਆਪਣੇ ਪਰਿਵਾਰ ਦੇ ਜੀਉਂਦੇ ਰਹਿਣ

ਅਤੇ ਪਿਤਾ ਦੀ ਮਾਨਸਿਕ ਸਥਿਤੀ ਅਤੇ ਸਰੀਰਕ ਭਲਾਈ ਦੇ ਵਿਸ਼ੇ ਵਿਚ ਸੋਚਣਾ ਵਧੇਰੇ ਮਹੱਤਵਪੂਰਣ ਸੀ। ਇਹ ਉਸ ਸਮੇਂ ਸਪੱਸ਼ਟ ਹੋ ਗਿਆ ਜਦੋਂ ਭਰਾ ਅਨਾਜ ਖਰੀਦਣ ਦੇ ਲਈ ਮਿਸਰ ਵਿਚ ਆਏ ਅਤੇ ਮਿਸਰੀ ਹਾਕਮ (ਯੂਸੁਫ਼) ਨੇ ਸ਼ਿਮਓਨ ਨੂੰ ਇਕ ਗਰੰਟੀ ਦੇ ਤੌਰ ਤੇ ਜੇਲ੍ਹ ਵਿਚ ਰੱਖ ਲਿਆ ਕਿ ਜਦੋਂ ਭਾਈ ਲੋਕ ਹੋਰ ਅਨਾਜ ਖਰੀਦਣ ਦੇ ਲਈ ਆਉਣਗੇ ਤਾਂ ਉਹ ਆਪਣੇ ਭਰਾ ਬਿਨਯਾਮੀਨ ਨੂੰ ਨਾਲ ਲੈ ਕੇ ਆਉਣਗੇ। ਜਦੋਂ ਯਹੂਦਾਹ ਅਤੇ ਉਸ ਦੇ ਭਰਾ ਕਨਾਨ ਵਿਚ ਵਾਪਸ ਮੁੜ ਆਏ ਅਤੇ ਆਪਣੇ ਪਿਤਾ, ਯਾਕੂਬ ਨੂੰ ਖਬਰ ਦਿੱਤੀ ਤਾਂ ਉਸ ਨੇ ਦ੍ਰਿੜ੍ਹਤਾ ਦੇ ਨਾਲ ਇਸ ਵਿਚਾਰ ਦਾ ਵਿਰੋਧ ਕੀਤਾ। ਅਸਲ ਵਿਚ, ਉਸ ਨੇ ਇਸ ਗੱਲ ਨੂੰ ਪਰਗਟ ਕੀਤਾ ਕਿ ਉਸ ਨੂੰ ਸ਼ੱਕ ਸੀ ਕਿ ਉਸ ਦੇ ਪੁੱਤਰ ਉਸ ਦੀਆਂ ਪਰੇਸ਼ਾਨੀਆਂ ਦੇ ਲਈ ਜ਼ਿੰਮੇਵਾਰ ਸਨ। ਉਸ ਨੇ ਕਿਹਾ, “ਤੁਸੀਂ ਮੈਨੂੰ ਔਂਤ ਕੀਤਾ। ਯੂਸੁਫ਼ ਹੈ ਨਹੀਂ ਅਤੇ ਸ਼ਿਮਓਨ ਵੀ ਹੈ ਨਹੀਂ। ਬਿਨਯਾਮੀਨ ਨੂੰ ਤੁਸੀਂ ਲੈ ਜਾਓਗੇ। ਏਹ ਸਾਰੀਆਂ ਗੱਲਾਂ ਮੇਰੇ ਵਿਰੁੱਧ ਹੋਈਆਂ ਹਨ” (42:36)।

ਯਾਕੂਬ ਨੇ ਜਿੱਦ ਕਰ ਲਈ ਅਤੇ ਬਿਨਯਾਮੀਨ ਨੂੰ ਉਨ੍ਹਾਂ ਨਾਲ ਮਿਸਰ ਨਹੀਂ ਜਾਣ ਦਿੱਤਾ, ਜਦੋਂ ਤਕ ਅਨਾਜ ਖਤਮ ਨਾ ਹੋ ਗਿਆ ਅਤੇ ਪਰਿਵਾਰ ਭੁੱਖਾ ਨਾ ਮਰਨ ਲੱਗਾ। ਫਿਰ ਯਹੂਦਾਹ ਨੇ ਇਹ ਕਹਿੰਦੇ ਹੋਏ, ਆਪਣੇ ਪਿਤਾ ਅੱਗੇ ਬੇਨਤੀ ਕੀਤੀ, “ਮੁੰਡੇ ਨੂੰ ਮੇਰੇ ਸੰਗ ਘੱਲ ਦੇਹ ਤਾਂਜੋ ਅਸੀਂ ਉੱਠ ਕੇ ਜਾਈਏ ਤੇ ਅਸੀਂ ਜੀਵੀਏ ਅਰ ਮਰ ਨਾ ਜਾਈਏ, ਅਸੀਂ ਵੀ ਅਰ ਤੂੰ ਵੀ ਅਰ ਸਾਡੇ ਨਿਆਣੇ ਵੀ” (43:8)। ਉਸ ਤੋਂ ਇਲਾਵਾ, ਉਸ ਨੇ ਕਿਹਾ, “ਮੈਂ ਉਸ ਲਈ ਜਾਮਨ ਹਾਂ। ਉਸ ਨੂੰ ਤੂੰ ਮੇਰੇ ਹੱਥੋਂ ਮੰਗਣਾ। ਜੇ ਮੈਂ ਉਸ ਨੂੰ ਤੇਰੇ ਕੋਲ ਨਾ ਲਿਆਵਾਂ ਅਰ ਤੇਰੇ ਸਨਮੁਖ ਨਾ ਬਿਠਾਵਾਂ ਤਾਂ ਮੈਂ ਸਦਾ ਲਈ ਤੇਰਾ ਪਾਪੀ ਠਹਿਰਾਂਗਾ” (43:9)। ਆਖਿਰ ਵਿਚ, ਯਹੂਦਾਹ ਬਾਕੀ ਸਾਰਿਆਂ ਦੀ ਚਿੰਤਾ ਆਪਣੇ ਉੱਤੇ ਲੈ ਰਿਹਾ ਸੀ। ਉਹ ਚਾਹੁੰਦਾ ਸੀ ਕਿ ਜੇਕਰ ਬਿਨਯਾਮੀਨ ਦੇ ਨਾਲ ਕੋਈ ਵੀ ਬੁਰੀ ਘਟਨਾ ਵਾਪਰੀ ਤਾਂ ਉਹ ਉਸ ਦਾ ਦੋਸ਼ ਆਪਣੇ ਉੱਤੇ ਲੈ ਲਵੇਗਾ। ਯਾਕੂਬ ਪਿਘਲ ਗਿਆ ਅਤੇ ਬਿਨਯਾਮੀਨ ਨੂੰ ਆਪਣੇ ਭਰਾਵਾਂ ਦੇ ਨਾਲ ਵਾਪਸ ਮਿਸਰ ਭੇਜਣ ਲਈ ਤਿਆਰ ਹੋ ਗਿਆ ਤਾਂ ਕਿ ਉਹ ਹੋਰ ਅਨਾਜ ਖਰੀਦ ਕੇ ਲਿਆਉਣ; ਅਤੇ ਉਸ ਨੇ ਉਨ੍ਹਾਂ ਦੇ ਹੱਥੀਂ ਗੁੱਗਲ, ਸ਼ਹਿਤ, ਗਰਮ ਮਸਾਲਾ, ਗੰਧਰਸ, ਪਿਸਤਾ ਅਤੇ ਬਦਾਮ, ਅਤੇ ਉਸ ਦੇ ਨਾਲ ਨਾਲ ਅਨਾਜ ਖਰੀਦਣ ਦੇ ਲਈ ਪਹਿਲਾਂ ਨਾਲੋਂ ਦੁੱਗਣੀ ਰਕਮ ਭੇਜ ਦਿੱਤੀ। ਨਿਕਲਣ ਤੋਂ ਪਹਿਲਾਂ, ਉਨ੍ਹਾਂ ਨੇ ਵਿਦਾਈ ਦੀ ਪ੍ਰਾਰਥਨਾ ਕੀਤੀ: “ਸਰਬਸ਼ਕਤੀਮਾਨ ਪਰਮੇਸ਼ੁਰ ਤੁਹਾਨੂੰ ਉਸ ਮਨੁੱਖ ਵੱਲੋਂ ਰਹਮ ਬਖਸ਼ੇ ਜੋ ਉਹ ਤੁਹਾਡੇ ਦੂਜੇ ਭਰਾ ਅਰ ਬਿਨਯਾਮੀਨ ਨੂੰ ਤੁਹਾਡੇ ਨਾਲ ਘੱਲ ਦੇਵੇ ਅਤੇ ਮੈਂ ਜੇ ਔਂਤ ਹੋਇਆ ਸੋ ਹੋਇਆ” (43:14)। ਯਹੂਦਾਹ ਦੇ ਪ੍ਰਭਾਵ ਦੇ ਕਾਰਣ, ਯਾਕੂਬ ਆਖਿਰਕਾਰ ਆਪਣੇ ਪਰਿਵਾਰ ਦੀ ਲੋੜ ਦੇ ਲਈ ਆਪਣੀਆਂ ਇੱਛਾਵਾਂ ਨੂੰ ਬਲੀਦਾਨ ਕਰਨ ਦੇ ਲਈ ਤਿਆਰ ਹੋ ਗਿਆ; ਫਿਰ ਵੀ ਉਸ ਨੇ ਪ੍ਰਾਰਥਨਾ ਕੀਤੀ ਕਿ ਕਿਸੇ ਵੀ ਬਲੀਦਾਨ ਦੀ ਲੋੜ ਨਹੀਂ ਹੋਵੇਗੀ ਅਤੇ ਪਰਮੇਸ਼ੁਰ ਉਸ ਦੇ ਸਾਰੇ ਪੁੱਤਰਾਂ ਨੂੰ ਘਰ ਵਾਪਸ ਲੈ ਆਉਣ ਦੇ ਯੋਗ ਕਰੇਗਾ। ਇਸ ਦੇ ਨਾਲ ਹੀ, ਭਰਾ ਹੋਰ ਅਨਾਜ ਲਿਆਉਣ ਦੇ ਲਈ ਮਿਸਰ ਨੂੰ ਮੁੜ ਗਏ – ਅਤੇ ਬਿਨਯਾਮੀਨ ਉਨ੍ਹਾਂ ਦੇ ਨਾਲ ਸੀ।

ਯਹੂਦਾਹ ਦੀ ਅਗਵਾਈ ਹੇਠ, ਭਾਈ ਮਿਸਰ ਨੂੰ ਮੁੜ ਆਏ, ਤਾਂ ਕਿ ਆਪਣੇ ਆਪ ਦੀ ਪਰੀਖਿਆ ਦੇ ਸਕਣ। ਉਨ੍ਹਾਂ ਦੇ ਨਾ ਜਾਣਦੇ ਹੋਏ, ਯੂਸੁਫ਼ ਹੁਣ ਵੀ ਇਹੋ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਉਹ ਬਦਲ ਚੁੱਕੇ ਸਨ ਕਿ ਨਹੀਂ, ਕੀ ਉਨ੍ਹਾਂ ਨੂੰ ਸੱਚਮੁੱਚ ਉਸ ਦੇ ਵੇਚਣ ਦਾ ਪਛਤਾਵਾ ਸੀ ਕਿ ਨਹੀਂ, ਅਤੇ ਕਿ ਉਹ ਕਦੀ ਇੱਕ ਪਰਿਵਾਰ ਦੇ ਰੂਪ ਵਿਚ ਇਕੱਠੇ ਹੋ ਸਕਦੇ ਹਨ ਕਿ ਨਹੀਂ। ਦੂਸਰੀ ਵਾਰ, ਉਨ੍ਹਾਂ ਨੇ ਆਪਣੇ ਅਨਾਜ ਨੂੰ ਆਪਣੇ ਬੋਰਿਆਂ ਵਿਚ ਪਾਇਆ, ਅਤੇ ਚਾਂਦੀ ਦਾ ਪਿਆਲਾ ਬਿਨਯਾਮੀਨ ਦੇ ਬੋਰੇ ਵਿਚ ਪਾਇਆ ਗਿਆ (44:1, 2)। ਇੱਕ ਵਾਰ ਫਿਰ, ਭਰਾਵਾਂ ਦੇ ਉੱਤੇ ਦੋਸ਼ ਲੱਗ ਗਿਆ ਸੀ। ਹਾਕਮ ਦੇ ਪ੍ਰਬੰਧਕ ਨੇ ਇੱਕ ਆਮ ਬਿਆਨ ਦਿੱਤਾ ਕਿ

ਉਨ੍ਹਾਂ ਨੇ ਭਲੇ ਦੇ ਬਦਲੇ ਬੁਰਾ ਕੀਤਾ, ਪਰ ਵਿਸ਼ੇਸ਼ ਦੋਸ਼ ਗੰਭੀਰ ਸੀ: ਉਹ ਉਸ ਪਿਆਲੇ ਦੀ ਚੋਰੀ ਸੀ ਜਿਸ ਨੂੰ ਫਾਲ ਪਾਉਣ ਦੇ ਲਈ ਵਰਤਿਆ ਜਾਂਦਾ ਸੀ। ਪ੍ਰਬੰਧਕ ਨੇ ਕਿਹਾ ਕਿ ਜਿਸ ਨੇ ਉਸ ਦੇ ਸਵਾਮੀ ਦੇ ਕਟੋਰੇ ਨੂੰ ਚੋਰੀ ਕੀਤਾ ਸੀ ਉਹ ਵਜੀਰ ਦਾ ਗੁਲਾਮ ਬਣ ਜਾਵੇਗਾ, ਜਦਕਿ ਬਾਕੀ ਲੋਕਾਂ ਨੂੰ ਚਲੇ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ। ਭਾਵੇਂ ਕਟੋਰਾ ਬਿਨਯਾਮੀਨ ਦੇ ਬੋਰੇ ਵਿਚੋਂ ਲੱਭਿਆ ਸੀ, ਪਰ ਸਾਰੇ ਭਰਾ ਸ਼ਹਿਰ ਵਿਚ ਵਾਪਸ ਪਰਤ ਗਏ ਅਤੇ ਮਿਸਰੀ ਹਾਕਮ, ਯੂਸੁਫ਼ ਦੇ ਕਦਮਾਂ ਵਿਚ ਡਿੱਗ ਪਏ (44:12, 13)।

ਯਹੂਦਾਹ ਨੇ ਇਸ ਗੱਲ ਨੂੰ ਸਵੀਕਾਰ ਕੀਤਾ ਕਿ ਉਹ ਆਪਣੇ ਆਪ ਨੂੰ ਨਿਰਦੋਸ਼ ਨਹੀਂ ਠਹਿਰਾ ਸਕਦੇ ਹਨ; ਉਸ ਨੂੰ ਵਿਸ਼ਵਾਸ ਸੀ ਕਿ ਪਰਮੇਸ਼ੁਰ ਉਨ੍ਹਾਂ ਦੀ ਬਦੀ ਨੂੰ ਉਨ੍ਹਾਂ ਦੇ ਉੱਤੇ ਮੋੜ ਰਿਹਾ ਹੈ। ਇਸ ਲਈ, ਉਸ ਨੇ ਕਿਹਾ ਕਿ ਸਾਰੇ ਭਰਾ ਵਜੀਰ ਦੇ ਦਾਸ ਬਣ ਜਾਣਗੇ। ਪਰ, ਵਜੀਰ ਨੇ ਇਸ ਪ੍ਰਸਤਾਵ ਨੂੰ ਠੁਕਰਾ ਦਿੱਤਾ; ਉਸ ਨੇ ਫੈਸਲਾ ਕਰ ਲਿਆ ਕਿ ਬਿਨਯਾਮੀਨ ਜ਼ਰੂਰ ਗੁਲਾਮ ਬਣੇਗਾ, ਅਤੇ ਬਾਕੀ ਭਰਾ ਆਪਣੇ ਪਿਤਾ ਦੇ ਕੋਲ ਵਾਪਸ ਮੁੜ ਸਕਦੇ ਹਨ। ਯਹੂਦਾਹ ਨੇ ਮਿਸਰ ਦੇ ਹਾਕਮ ਦੇ ਸਾਹਮਣੇ ਨਿਮਰਤਾਪੂਰਵਕ ਬੇਨਤੀ ਕੀਤੀ ਅਤੇ ਉਸ ਨੂੰ ਦੱਸਿਆ ਕਿ ਬਿਨਯਾਮੀਨ ਆਪਣੇ ਪਿਤਾ ਦੀ ਬੁਢਾਪੇ ਦੀ ਉਮਰ ਦਾ ਇੱਕ ਬੱਚਾ ਸੀ ਅਤੇ ਉਸ ਦਾ ਸਿਰਫ ਇੱਕ ਭਰਾ (ਯੂਸੁਫ਼) ਸੀ, ਜੋ ਮਰ ਗਿਆ ਸੀ। ਉਸ ਨੇ ਕਿਹਾ, "... ਉਹ ਆਪਣੀ ਮਾਤਾ ਦਾ ਇਕੱਲਾ ਹੀ ਹੈ ਅਰ ਉਸ ਦਾ ਪਿਤਾ ਉਸ ਨੂੰ ਪਿਆਰ ਕਰਦਾ ਹੈ" (44:20)। ਉਸ ਨੇ ਹਾਕਮ ਨੂੰ ਸਮਝਾਇਆ ਕਿ ਬਿਨਯਾਮੀਨ ਨੂੰ ਆਪਣੇ ਨਾਲ ਲਿਆਉਣ ਦੀ ਇਜਾਜ਼ਤ ਲੈਣ ਦੇ ਲਈ ਆਪਣੇ ਪਿਤਾ ਨੂੰ ਮਨਾਉਣਾ ਕਿੰਨਾ ਮੁਸ਼ਕਲ ਸੀ ਕਿਉਂਕਿ ਉਸ ਦੇ ਪਿਤਾ ਦਾ ਜੀਵਨ ਆਪਣੇ ਸਭ ਤੋਂ ਛੋਟੇ ਪੁੱਤਰ ਦੇ ਨਾਲ ਇੰਨਾ ਬੱਧਾ ਹੋਇਆ ਸੀ ਕਿ ਜੇਕਰ ਉਸ ਨੂੰ ਕੁੱਝ ਵੀ ਹੋ ਗਿਆ ਤਾਂ ਉਹ ਮਰ ਜਾਵੇਗਾ। ਅੰਤ ਵਿਚ, ਯਹੂਦਾਹ ਨੇ ਇਸ ਗੱਲ ਦਾ ਖੁਲਾਸਾ ਕੀਤਾ ਕਿ ਉਸ ਨੇ ਮੁੰਡੇ ਦੀ ਜ਼ਿੰਮੇਵਾਰੀ ਆਪਣੇ ਉੱਪਰ ਲਈ ਹੋਈ ਹੈ ਜੇਕਰ ਉਹ ਉਸ ਨੂੰ ਸਹੀ ਸਲਾਮਤ ਘਰ ਵਿਚ ਲੈ ਜਾਣ ਵਿਚ ਨਾਕਾਮ ਹੋ ਗਿਆ ਤਾਂ ਉਹ ਦੋਸ਼ੀ ਠਹਿਰੇਗਾ। ਉਸ ਨੇ ਸ਼ਕਤੀਸ਼ਾਲੀ ਹਾਕਮ ਨੂੰ ਕਿਹਾ ਕਿ ਉਹ ਆਪਣੇ ਗੁਲਾਮ ਦੇ ਰੂਪ ਵਿਚ ਉਸ ਨੂੰ ਮਿਸਰ ਵਿਚ ਰੱਖ ਲਵੇ ਅਤੇ ਬਿਨਯਾਮੀਨ ਨੂੰ ਉਹ ਆਪਣੇ ਹੋਰਨਾਂ ਭਰਾਵਾਂ ਦੇ ਨਾਲ ਸਹੀ ਸਲਾਮਤ ਆਪਣੇ ਪਿਤਾ ਦੇ ਕੋਲ ਘਰ ਚਲੇ ਜਾਣ ਦੀ ਇਜਾਜ਼ਤ ਦੇ ਦੇਵੇ। ਉਸ ਨੇ ਅੱਗੇ ਕਿਹਾ, "ਕਿਉਂਜੋ ਮੈਂ ਆਪਣੇ ਪਿਤਾ ਦੇ ਕੋਲ ਕਿਵੇਂ ਜਾਵਾਂ ਜੇਕਰ ਮੁੰਡਾ ਮੇਰੇ ਸੰਗ ਨਾ ਹੋਵੇ? ਕਿਤੇ ਉਹ ਬੁਰਿਆਈ ਜਿਹੜੀ ਮੇਰੇ ਪਿਤਾ ਉੱਤੇ ਆਵੇਗੀ ਮੈਂ ਨਾ ਵੇਖਾਂ" (44:34)।

ਆਖ਼ਰੀ ਗੱਲ ਦੇ ਨਾਲ ਹੀ, ਯਹੂਦਾਹ, ਜਿਸ ਨੇ ਭਰਾਵਾਂ ਨੂੰ ਯੂਸੁਫ਼ ਨੂੰ ਗੁਲਾਮੀ ਦੇ ਵਿਚ ਵੇਚਣ ਦੀ ਬੇਨਤੀ ਕੀਤੀ ਸੀ, ਯੂਸੁਫ਼ ਨੂੰ ਯਕੀਨ ਦਿਵਾਇਆ ਕਿ ਹੁਣ ਉਹ ਪਹਿਲਾਂ ਵਾਂਗ ਸੁਆਰਥੀ ਅਤੇ ਨਫਰਤ ਨਾਲ ਭਰਿਆ ਵਿਅਕਤੀ ਨਹੀਂ ਹੈ। ਪਿਛਲੇ ਕੁਝ ਸਾਲਾਂ ਵਿਚ ਉਹ ਸਿਆਣਾ ਹੋ ਗਿਆ ਸੀ।

ਜਦੋਂ ਯਹੂਦਾਹ ਅਤੇ ਉਸ ਦੇ ਭਰਾਵਾਂ ਨੇ ਯੂਸੁਫ਼ ਦੀ ਮਾਫ਼ ਕਰਨ ਦੀ ਗਵਾਹੀ ਸੁਣੀ ਕਿ ਉਨ੍ਹਾਂ ਨੂੰ ਇਸ ਗੱਲ ਦੇ ਲਈ ਦੁਖੀ ਜਾਂ ਨਾਰਾਜ਼ ਨਹੀਂ ਹੋਣ ਚਾਹੀਦਾ ਹੈ ਕਿ ਉਨ੍ਹਾਂ ਨੇ ਉਸ ਨੂੰ ਵੇਚ ਦਿੱਤਾ ਸੀ, ਤਾਂ ਉਹ ਦੰਗ ਰਹਿ ਗਏ। ਯੂਸੁਫ਼ ਨੇ ਕਿਹਾ, "ਪਰਮੇਸ਼ੁਰ ਨੇ ਤੁਹਾਡੇ ਅੱਗੇ ਮੈਨੂੰ ਜਾਨਾਂ ਬਚਾਉਣ ਲਈ ਘੱਲਿਆ" (45:5), ਪਰ ਇਸ ਨਾਲ ਉਸ ਦੇ ਭਰਾਵਾਂ ਨੂੰ ਇੱਕ ਅਜਿਹਾ ਧੱਕਾ ਲੱਗਾ ਸੀ ਕਿ ਉਨ੍ਹਾਂ ਨੂੰ ਯਕੀਨ ਦਿਵਾਉਣ ਦੇ ਲਈ ਉਸ ਨੇ ਤਿੰਨ ਵਾਰ ਰੱਬੀ ਵਿਧੀ ਨੂੰ ਦੁਹਰਾਉਣਾ ਪਿਤਾ ਸੀ।

ਅੰਤ ਵਿਚ, ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਕਿਉਂ ਪਰਮੇਸ਼ੁਰ ਨੇ, ਯਾਕੂਬ ਦੀ

ਅਗਵਾਈ ਕੀਤੀ ਕਿ ਉਹ ਯਹੂਦਾਹ ਅਤੇ ਯੂਸੁਫ਼ ਨੂੰ ਆਪਣੀ ਮੌਤ ਦੇ ਸਮੇਂ ਤੇ ਸਭ ਤੋਂ ਮਹਾਨ ਬਰਕਤਾਂ ਦੇਵੇ। ਇਸ ਵਿਰਤਾਂਤ ਵਿਚ ਯਹੂਦਾਹ ਦੀ ਪ੍ਰੇਰਣਾ ਬਿਨਯਾਮੀਨ ਨੂੰ ਸਾਰੇ ਜੀਵਨ ਦੀ ਗੁਲਾਮੀ ਤੋਂ ਬਚਾਉਣਾ ਸੀ। ਉਹ ਇਹ ਵੀ ਜਾਣਦਾ ਸੀ ਕਿ ਜਦੋਂ ਉਹ ਘਰ ਵਾਪਸ ਪਰਤਣਗੇ ਤਾਂ ਜੇਕਰ ਰਾਖੇਲ ਦਾ ਪੁੱਤਰ ਆਪਣੇ ਭਰਾਵਾਂ ਦੇ ਨਾਲ ਨਾ ਹੋਇਆ ਤਾਂ ਉਹ ਦਾ ਦਿਲ ਟੁੱਟ ਜਾਵੇਗਾ ਅਤੇ ਉਹ ਮਰ ਜਾਵੇਗਾ।

ਯਹੂਦਾਹ ਦਾ ਬਲੀਦਾਨ ਦੂਸਰੇ ਦੇ ਲਈ ਸੀ, ਜੋ ਯਿਸੂ ਦੇ ਬਲੀਦਾਨ ਦਾ ਇੱਕ ਪਰਛਾਵਾਂ ਸੀ। ਬੇਸ਼ੱਕ, ਯਿਸੂ ਦਾ ਦੂਜਿਆਂ ਦੇ ਬਦਲੇ ਬਲੀਦਾਨ ਇਸ ਤੋਂ ਕਿਤੇ ਮਹਾਨ ਸੀ! ਉਹ ਆਪਣੀ ਇੱਛਾ ਦੇ ਨਾਲ ਇੱਕ ਦਾਸ ਦੇ ਰੂਪ ਵਿਚ ਧਰਤੀ ਤੇ ਆਉਣ ਦੇ ਲਈ ਨਿਮਰ ਹੋ ਗਿਆ, ਅਤੇ ਸਾਡੇ ਬਦਲੇ ਦੁੱਖ ਉਠਾਉਣ ਅਤੇ ਮਰਨ ਨੂੰ ਚੁਣ ਲਿਆ। ਉਹ ਸਾਡੇ ਪਾਪਾਂ ਦੇ ਲਈ ਮੋਇਆ ਤਾਂ ਕਿ ਅਸੀਂ ਪਾਪ ਅਤੇ ਮੌਤ ਦੀ ਗੁਲਾਮੀ ਤੋਂ ਆਜ਼ਾਦ ਹੋ ਕੇ ਆਪਣੇ ਪਿਤਾ ਦੇ ਕੋਲ ਸਵਰਗ ਵਿਚ ਜਾ ਸਕੀਏ।

ਯਹੂਦਾਹ ਦੀ ਮਿਸਾਲ – ਅਤੇ ਉਸ ਤੋਂ ਕਿਤੇ ਵੱਧ ਕੇ ਯਿਸੂ ਦੀ ਮਿਸਾਲ – ਇੱਕ ਵੱਡੇ ਅਰਥ ਵਿਚ – ਸਾਨੂੰ ਇਹ ਦੱਸਦੀਆਂ ਹਨ ਕਿ ਉਸ ਸਮੇਂ ਯਾਕੂਬ ਦੇ ਮਨ ਵਿਚ ਕੀ ਸੀ ਜਦੋਂ ਉਸ ਨੇ ਕਿਹਾ, "ਪ੍ਰਭੂ ਦੇ ਅੱਗੇ ਨੀਵੇਂ ਬਣੋ ਤਾਂ ਉਹ ਤੁਹਾਨੂੰ ਉੱਚਿਆਂ ਕਰੇਗਾ" (ਯਾਕੂਬ 4:10; ਵੇਖੋ 4:6)। ਪਰਮੇਸ਼ੁਰ ਨੇ ਯੂਸੁਫ਼ ਨੂੰ ਮਿਸਰ ਵਿਚ ਆਪਣੇ ਲੋਕਾਂ ਦੇ ਦੁਨਿਆਵੀ ਤੌਰ ਤੇ ਛੁਡਾਉਣ ਦੇ ਰੂਪ ਵਿਚ ਉਭਾਰਿਆ, ਅਤੇ ਉਸ ਦੀ ਅੰਸ ਨੂੰ ਵਾਇਦਾ ਕੀਤੇ ਦੇਸ ਵਿਚ ਵਿਰਸੇ ਦਾ ਦੁੱਗਣਾ ਭਾਗ ਮਿਲਿਆ। ਇਸੇ ਤਰ੍ਹਾਂ, ਯਾਕੂਬ ਦੇ ਦੁਆਰਾ ਆਪਣੇ ਪੁੱਤਰਾਂ ਨੂੰ ਦਿੱਤੀਆਂ ਬਰਕਤਾਂ ਦੇ ਰਾਹੀਂ, ਯਹੂਦਾਹ ਨੂੰ ਮਿਸਰ ਵਿਚ ਯਾਕੂਬ ਦੇ ਪਰਿਵਾਰ ਦਾ ਆਗੂ ਮੰਨਿਆ ਗਿਆ ਸੀ। ਆਖਿਰਕਾਰ, ਯਹੂਦਾਹ ਦੇ ਗੋਤ ਵਿਚੋਂ, ਉਸ ਨੇ ਦਾਊਦ ਨੂੰ ਇਸਰਾਏਲ ਵਿਚ ਇੱਕ ਮਹਾਨ ਰਾਜਾ ਬਣਾ ਦਿੱਤਾ ਸੀ। ਸਮਾਂ ਪੂਰਾ ਹੋ ਜਾਣ ਤੇ, ਪ੍ਰਭੂ ਸਰੀਰ ਦੇ ਅਨੁਸਾਰ ਦਾਊਦ ਦੀ ਸੰਤਾਨ ਨੂੰ ਸਭ ਤੋਂ ਉੱਚਾ ਉਠਾਉਣਾ ਸੀ: ਯਿਸੂ, ਮਸੀਹਾ, ਜਿਸ ਨੇ ਨਾ ਸਿਰਫ ਇਸਰਾਏਲ ਨੂੰ, ਸਗੋਂ ਸਾਰੀਆਂ ਕੌਮਾਂ ਦੇ ਲੋਕਾਂ ਨੂੰ ਬਚਾਉਣਾ ਸੀ। ਜੋ ਲੋਕ ਪਰਮੇਸ਼ੁਰ ਦੇ ਸਾਹਮਣੇ ਆਪਣੇ ਆਪ ਨੂੰ ਨਿਮਰ ਕਰਦੇ ਹਨ ਉਹ ਅਨੰਤ ਕਾਲ ਤਕ ਉਸ ਦੀ ਹਜ਼ੂਰੀ ਵਿਚ ਉੱਚੇ ਕੀਤੇ ਜਾਣਗੇ।

### ਇੱਕ ਜੀਵਨ ਦਾ ਸੰਖੇਪ ਵਰਣਨ ਦੇਣਾ (49:28-33)

ਦੌੜ ਜਾਂ ਖੇਡ ਵਿਚ, ਵਰਤਿਆ ਜਾਣ ਵਾਲਾ ਵਾਕ ਅਕਸਰ ਸਹੀ ਹੁੰਦਾ ਹੈ: "ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿੰਨੀ ਵਧੀਆ ਸ਼ੁਰੂਆਤ ਕੀਤੀ ਹੈ, ਪਰ ਇਹ ਗੱਲ ਮਾਇਨੇ ਰੱਖਦੀ ਹੈ ਕਿ ਤੁਸੀਂ ਕਿੰਨੀ ਚੰਗੀ ਤਰ੍ਹਾਂ ਨਾਲ ਖਤਮ ਕਰਦੇ ਹੋ।" ਇਹ ਪਰਮੇਸ਼ੁਰ ਦੇ ਲੋਕਾਂ ਦੇ ਜੀਵਨ ਵਿਚ ਵੀ ਸੱਚ ਹੈ। ਯਾਕੂਬ ਨੇ ਆਪਣੇ ਵਿਸ਼ਵਾਸ ਦੀ ਦੌੜ ਦੀ ਚੰਗੀ ਸ਼ੁਰੂਆਤ ਨਹੀਂ ਕੀਤੀ ਸੀ; ਜਿਵੇਂ ਅਸੀਂ ਉਤਪਤ ਦੀ ਪੁਸਤਕ ਵਿਚ ਵੇਖ ਚੁੱਕੇ ਹਾਂ, ਉਸ ਦੇ ਆਤਮਿਕ ਜੀਵਨ ਵਿਚ ਬਹੁਤ ਸਾਰੇ ਉਤਰਾਅ-ਚੜ੍ਹਾਅ ਸਨ। ਪਰ, ਉਸ ਦੇ ਦੋ ਪੁੱਤਰਾਂ, ਯੂਸੁਫ਼ ਅਤੇ ਯਹੂਦਾਹ ਦੇ ਜੀਵਨਾਂ ਦੇ ਵਿਚ ਪਰਮੇਸ਼ੁਰ ਦੇ ਰੱਬੀ ਕੰਮ ਦੇ ਕਾਰਣ ਉਸ ਨੇ ਇਸ ਨੂੰ ਚੰਗੇ ਤਰੀਕੇ ਦੇ ਨਾਲ ਪੂਰਾ ਕੀਤਾ; ਪਰਮੇਸ਼ੁਰ ਨੇ ਉਨ੍ਹਾਂ ਨੂੰ ਇਸਤੇਮਾਲ ਕੀਤਾ ਕਿ ਉਹ ਆਪਣੇ ਪਿਤਾ ਦੇ ਆਖਰੀ ਦਿਨਾਂ ਵਿਚ ਉਸ ਦੇ ਵਿਸ਼ਵਾਸ ਦੁਬਾਰਾ ਜਗਾ ਸਕਣ। ਇਬਰਾਨੀਆਂ 11 ਅਧਿਆਇ ਵਿਚ, ਜੋ ਵਿਸ਼ਵਾਸ ਦਾ ਮਹਾਨ ਅਧਿਆਇ ਹੈ ਯਾਕੂਬ ਦਾ ਇੱਕੋ ਇੱਕ ਉਲੇਖ ਉਸ ਢੰਗ ਨੂੰ ਦਰਸਾਉਂਦਾ ਹੈ ਜਿਸ ਦੇ ਦੁਆਰਾ ਉਸ ਨੇ ਆਪਣੇ ਜੀਵਨ ਦਾ ਅੰਤ ਕੀਤਾ ਸੀ: "ਨਿਹਚਾ ਨਾਲ ਯਾਕੂਬ ਨੇ ਮਰਨ ਲੱਗਿਆਂ ਯੂਸੁਫ਼ ਦੇ ਪੁੱਤ੍ਰਾਂ ਨੂੰ ਇੱਕ ਇੱਕ ਕਰਕੇ ਅਸੀਸ ਦਿੱਤੀ ਅਤੇ ਆਪਣੀ ਲਾਠੀ ਦੇ ਸਿਰੇ ਉੱਤੇ ਮੱਥਾ ਟੇਕਿਆ" (ਇਬਰਾਨੀਆਂ 11:21; ਵੇਖੋ ਉਤਪਤ 47:31)।

ਯਾਕੂਬ ਦੇ ਬਹੁਤ ਸਾਲਾਂ ਦੇ ਆਤਮਿਕ ਸੰਘਰਸ਼ ਨੂੰ ਪਰਮੇਸ਼ੁਰ ਦੇ ਇੱਕ ਬੱਚੇ ਦੇ ਦੁਆਰਾ ਇਹ ਮੰਨ ਕੇ "ਪਾਪ ਕਰਨ ਵਿੱਚ ਲੱਗੇ ਰਹਿਣ" ਦਾ ਬਹਾਨਾ ਨਹੀਂ ਬਣਾਉਣਾ ਚਾਹੀਦਾ ਕਿ ਪਰਮੇਸ਼ੁਰ ਦੀ ਕਿਰਪਾ ਵੱਧਦੀ ਜਾਵੇਗੀ (ਰੋਮੀਆਂ 6:1) ਅਤੇ ਉਹ ਮਰਨ ਤੋਂ ਪਹਿਲਾਂ ਪਛਚਾਤਾਪ ਕਰਨ ਦੇ ਲਈ ਕਾਫੀ ਸਮਾਂ ਦੇ ਦੇਵੇਗਾ। ਕਿਉਂਕਿ ਸਾਡੇ ਕੋਲ ਕੱਲ ਦਾ ਕੋਈ ਵਾਇਦਾ ਨਹੀਂ ਹੈ, ਇਸ ਲਈ ਵਿਸ਼ਵਾਸ ਦੀ ਦੌੜ ਨੂੰ ਚੰਗੇ ਤਰੀਕੇ ਨਾਲ ਦੌੜਣ ਦਾ ਇਕੋ ਇੱਕ ਤਰੀਕਾ ਹੈ ਪਰਮੇਸ਼ੁਰ ਦੀ ਬੁਲਾਹਟ ਦਾ ਜਵਾਬ "ਅੱਜ" ਦੇਣਾ (ਇਬਰਾਨੀਆਂ 3:12-15)। ਇਸ ਵਿਚ ਉਸ ਪਾਪ ਨੂੰ ਇੱਕ ਪਾਸੇ ਰੱਖਣਾ ਸ਼ਾਮਲ ਹੈ ਜੋ ਸਾਨੂੰ ਹੇਠਾਂ ਡੇਗਦਾ ਅਤੇ ਉਲਝਾ ਦਿੰਦਾ ਹੈ, ਅਤੇ "ਯਿਸੂ ਦੀ ਵੱਲ ਤੱਕਦੇ ਰਹੀਏ," ਜੋ ਸਾਨੂੰ ਜਿੱਤ ਦੇ ਲਈ ਲਗਾਤਾਰ ਉਤਸਾਹ ਦਿੰਦਾ ਹੈ (ਇਬਰਾਨੀਆਂ 12:1, 2)।

ਮਸੀਹ ਦੇ ਚੇਲੇ ਆਪਣੇ ਵਿਸ਼ਵਾਸ ਵਿਚ ਸਦਾ ਮਜ਼ਬੂਤ ਨਹੀਂ ਸਨ। ਉਹ ਅਕਸਰ ਯਿਸੂ ਦੇ ਵਿਸ਼ੇ ਵਿਚ ਗਲਤ ਸਮਝਦੇ ਸਨ ਕਿ ਉਹ ਕੌਣ ਸੀ, ਉਹ ਕੀ ਪੂਰਾ ਕਰਨਾ ਚਾਹੁੰਦਾ ਸੀ, ਅਤੇ ਉਨ੍ਹਾਂ ਤੋਂ ਉਹ ਕੀ ਚਾਹੁੰਦਾ ਸੀ। ਬਜਾਇ ਇਸ ਦੇ ਕਿ ਉਹ ਉਨ੍ਹਾਂ ਸਿੰਘਾਸਣਾਂ ਦੀ ਉਮੀਦ ਕਰਨ ਜਿੱਥੇ ਉਹ ਲੋਕਾਂ ਦਾ ਨਿਆਂ ਕਰਨ ਦੇ ਲਈ ਬੈਠਣਗੇ (ਮੱਤੀ 20:20-28), ਯਿਸੂ ਚਾਹੁੰਦਾ ਸੀ ਕਿ ਉਹ ਲੋੜਵੰਦਾਂ ਦੀ ਸੇਵਾ ਕਰਨ, ਬੀਮਾਰਾਂ ਕੋਲ ਜਾਣ (ਮੱਤੀ 25:31-46), ਅਤੇ ਇੱਥੋਂ ਤਕ ਕਿ ਉਨ੍ਹਾਂ ਲੋਕਾਂ ਦੇ ਪੈਰ ਵੀ ਧੋਣ ਜੋ ਮਿੱਟੀ ਨਾਲ ਭਰੀਆਂ ਸੜਕਾਂ ਤੇ ਚੱਲਦੇ ਹਨ (ਯੂਹੰਨਾ 13:2-17)।

ਯਿਸੂ ਦੀ ਸਿੱਖਿਆ ਨੇ ਉਨ੍ਹਾਂ ਦੇ ਜੀਵਨ ਦੇ ਰੁਖ ਨੂੰ ਇਕਦਮ ਉੱਲਟ ਕੇ ਰੱਖ ਦਿੱਤਾ; ਅਤੇ ਜਦੋਂ ਉਸ ਨੂੰ ਕੈਦੀ ਬਣਾਇਈ ਗਿਆ ਸੀ, ਤਾਂ ਉਨ੍ਹਾਂ ਸਭਨਾਂ ਨੇ ਉਸ ਨੂੰ ਛੱਡ ਦਿੱਤਾ ਅਤੇ ਰਾਤ ਨੂੰ ਭੱਜ ਗਏ। ਇੱਥੋਂ ਤਕ ਕਿ ਪਤਰਸ ਨੇ ਉਸ ਦਾ ਇਨਕਾਰ ਵੀ ਕੀਤਾ (ਮੱਤੀ 26:56, 74)। ਜਦੋਂ ਯਿਸੂ ਕਬਰ ਵਿਚ ਸੀ, ਚੇਲੇ ਡਰ ਦੇ ਮਾਰੇ ਦਰਵਾਜ਼ੇ ਬੰਦ ਕਰਕੇ ਲੁਕੇ ਹੋਏ ਸਨ (ਯੂਹੰਨਾ 20:19); ਉਨ੍ਹਾਂ ਦਾ ਵਿਸ਼ਵਾਸ ਉਸ ਸਮੇਂ ਤਕ ਨਹੀਂ ਵਧਿਆ ਜਦੋਂ ਤਕ ਉਹ ਤੀਸਰੇ ਦਿਨ ਜ਼ਿੰਦਾ ਹੋ ਕੇ ਉਨ੍ਹਾਂ ਦੇ ਉੱਤੇ ਪਰਗਟ ਨਾ ਹੋਇਆ। ਉਸ ਨੂੰ ਛੂਹਣ (ਲੂਕਾ 24:33-43; ਯੂਹੰਨਾ 20:19-25) ਅਤੇ ਕਈ ਠੋਸ ਸਬੂਤ ਵੇਖ ਕੇ, ਉਨ੍ਹਾਂ ਨੇ ਜਾਣਿਆ ਕਿ "ਰਾਹ ਅਤੇ ਸਚਿਆਈ ਤੇ ਜੀਉਣ" ਉਹ ਹੀ ਸੀ (ਯੂਹੰਨਾ 14:6)। ਫਿਰ, ਚਾਲੀਆਂ ਦਿਨਾਂ ਦੇ ਅੰਤ ਵਿਚ ਪਰਮੇਸ਼ੁਰ ਦੇ ਰਾਜ ਦੇ ਵਿਸ਼ੇ ਵਿਚ ਸਿੱਖਿਆ ਦੇਣ ਤੋਂ ਬਾਅਦ, ਉਸ ਨੇ ਉਨ੍ਹਾਂ ਦੇ ਨਾਲ ਵਾਇਦਾ ਕੀਤਾ ਕਿ ਪਵਿੱਤਰ ਆਤਮਾ ਜਿਹੜਾ ਉਨ੍ਹਾਂ ਦੇ ਉੱਤੇ ਉੱਪਰੋਂ ਆਉਣਾ ਸੀ ਉਸ ਦੇ ਦੁਆਰਾ ਉਨ੍ਹਾਂ ਨੇ ਸ਼ਕਤੀ ਪਾਉਣੀ ਸੀ। ਉਨ੍ਹਾਂ ਨੇ ਯਰੂਸ਼ਲਮ, ਯਹੂਦਿਯਾ, ਅਤੇ ਸਾਮਰਿਯਾ, ਅਤੇ "ਧਰਤੀ ਦੇ ਬੰਨੇ ਤੀਕੁਰ" ਉਸ ਦੇ ਗਵਾਹ ਹੋਣਾ ਸੀ (ਰਸੂਲਾਂ ਦੇ ਕਰਤੱਬ 1:8)। ਉਨ੍ਹਾਂ ਨੂੰ ਇਹ ਹਿਦਾਇਤ ਦੇਣ ਤੋਂ ਬਾਅਦ, ਉਹ ਉਨ੍ਹਾਂ ਨੂੰ ਜ਼ੈਤੂਨ ਦੇ ਪਹਾੜ ਤੇ ਲੈ ਗਿਆ ਅਤੇ ਸਵਰਗ ਵਿਚ ਉਠਾ ਲਿਆ ਗਿਆ (ਰਸੂਲਾਂ ਦੇ ਕਰਤੱਬ 1:9)।

ਰਸੂਲਾਂ ਨੇ ਦਸ ਦਿਨ ਹੋਰ ਪ੍ਰਾਰਥਨਾ ਅਤੇ ਉਡੀਕ ਵਿਚ ਬਿਤਾਏ। ਫਿਰ, ਪੰਤੇਕੁਸਤ ਦੇ ਦਿਨ, ਜਦੋਂ ਪਵਿੱਤਰ ਆਤਮਾ ਉਨ੍ਹਾਂ ਦੇ ਉੱਤੇ ਉਤਰਿਆ, ਉਨ੍ਹਾਂ ਨੇ ਇਹ ਪਰਚਾਰ ਕਰਨ ਦੇ ਦੁਆਰਾ ਕਿ ਯਿਸੂ ਹੀ ਸਭ ਕੌਮਾਂ ਦਾ ਮੁਕਤੀਦਾਤਾ ਅਤੇ ਪ੍ਰਭੂ ਹੈ ਵਿਸ਼ਵਾਸ ਵਿਚ ਚੱਲਣ ਦਾ ਇੱਕ ਨਵਾਂ ਪੜਾਅ ਸ਼ੁਰੂ ਕੀਤਾ (ਰਸੂਲਾਂ ਦੇ ਕਰਤੱਬ 2:1-4, 22-42)। ਉਨ੍ਹਾਂ ਨੇ ਯਿਸੂ ਦੀ ਨਿਜੀ ਸੇਵਕਾਈ ਦੇ ਦੌਰਾਨ ਦ੍ਰਿੜ ਵਿਸ਼ਵਾਸ ਦੇ ਨਾਲ ਦੌੜ ਨਹੀਂ ਦੌੜੀ; ਪਰ, ਉਨ੍ਹਾਂ ਨੇ ਸਮਾਪਤੀ ਬਹੁਤ ਚੰਗੇ ਤਰੀਕੇ ਦੇ ਨਾਲ ਕੀਤੀ ਸੀ। ਰਸੂਲ ਪੁਰਾਤਨ ਸੰਸਾਰ ਦੇ ਜਾਣੇ ਜਾਣ ਵਾਲੇ ਰਾਸ਼ਟਰਾਂ ਦੇ ਇੰਜੀਲ ਦੇ ਪ੍ਰਚਾਰਕ ਬਣ ਗਏ। ਆਖਿਰਕਾਰ, ਤਰਸੁਸ ਦੇ ਸ਼ਾਊਲ (ਪੌਲੁਸ) ਨੂੰ ਪ੍ਰਭੂ ਦੇ ਦੁਆਰਾ ਉਸ ਦਾ ਆਖਰੀ ਰਸੂਲ ਬਣਾਉਣ ਦੇ ਲਈ ਬੁਲਾਇਆ ਗਿਆ (ਰਸੂਲਾਂ ਦੇ ਕਰਤੱਬ 9:1-20;

1 ਕੁਰਿੰਥੀਆਂ 15:1-10), ਅਤੇ ਉਹ ਰੋਮੀ ਸਾਮਰਾਜ ਵਿਚਲੇ ਮਹਾਨ ਜਨਸੰਖਿਆ ਦੇ ਕੇਂਦਰਾਂ ਵਿਚ ਲੈ ਕੇ ਗਿਆ। ਆਪਣੇ ਜੀਵਨ ਦੇ ਅੰਤ ਦੇ ਸਮੇਂ, ਤਿਮੋਥਿਉਸ ਨੂੰ ਲਿਖੀ ਇੱਕ ਪੱਤਰੀ ਵਿਚ, ਉਸ ਨੇ ਇੱਕ ਬਿਆਨ ਲਿਖਿਆ ਜੋ ਪਰਮੇਸ਼ੁਰ ਦੇ ਸਾਰੇ ਲੋਕਾਂ ਨੂੰ ਉਤਸਾਹਿਤ ਕਰਨ ਦੇ ਯੋਗ ਹੈ: ਕਿ ਕੋਈ ਵੀ ਵਿਅਕਤੀ ਵਿਸ਼ੇਸ਼ ਯੋਗਤਾਵਾਂ ਤੋਂ ਬਿਨਾਂ ਵੀ, ਵਿਸ਼ਵਾਸ ਦੀ "ਅੱਛੀ ਲੜਾਈ ਲੜ" ਸਕਦਾ ਹੈ ਅਤੇ "ਦੌੜ ਮੁਕਾ ਸਕਦਾ ਹੈ।" ਪ੍ਰਭੂ ਨੇ ਉਨ੍ਹਾਂ ਸਾਰਿਆਂ ਦੇ ਨਾਲ "ਧਰਮ ਦਾ ਮੁਕਟ" ਦੇਣ ਦਾ ਵਾਇਦਾ ਕੀਤਾ ਹੈ ਜੋ "ਉਹ ਦੇ ਪਰਕਾਸ਼ ਹੋਣ" ਨੂੰ ਪਿਆਰਾ ਜਾਣਦੇ ਹਨ (2 ਤਿਮੋਥਿਉਸ 4:7, 8)।

ਅਬਰਾਹਾਮ ਅਤੇ ਉਸ ਦੀ ਅੰਸ ਦੇ ਨਾਲ ਪਰਮੇਸ਼ੁਰ ਦੇ ਸੱਦੇ ਦੀ ਆਖਰੀ ਪੂਰਤੀ ਯਿਸੂ ਮਸੀਹ ਦਾ ਇਸ ਸੰਸਾਰ ਵਿਚ ਆਉਣਾ ਸੀ। ਉਸ ਦੀ ਮੌਤ ਅਤੇ ਜੀ ਉੱਠਣ ਦੇ ਦੁਆਰਾ, ਉਸ ਨੇ "ਧਰਤੀ ਦੇ ਸਾਰੇ ਘਰਣਾਇਆਂ" ਦੇ ਲਈ ਇੱਕ ਬਰਕਤ ਦੇ ਰੂਪ ਵਿਚ "ਜੀਵਨ ਅਤੇ ਅਬਨਾਸ ਨੂੰ ਖੁਸ਼ ਖਬਰੀ ਦੇ ਰਾਹੀਂ ਪਰਕਾਸ਼ ਕੀਤਾ" (2 ਤਿਮੋਥਿਉਸ 1:10)। "ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ" ਸਭ ਕੌਮਾਂ ਦੇ ਲੋਕ ਪਰਮੇਸ਼ੁਰ ਦੀ ਸੰਤਾਨ ਗਿਣੇ ਜਾ ਸਕਦੇ ਹਨ (ਗਲਾਤੀਆਂ 3:26)। ਪੌਲੁਸ ਨੇ ਅੱਗੇ ਦੱਸਿਆ ਕਿ ਇਹ ਕਿਵੇਂ ਸੱਚ ਹੋ ਸਕਦਾ ਹੈ:

> ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿੱਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ। ਨਾ ਯਹੂਦੀ ਨਾ ਯੂਨਾਨੀ, ਨਾ ਗੁਲਾਮ ਨਾ ਅਜ਼ਾਦ, ਨਾ ਨਰ ਨਾ ਨਾਰੀ ਹੋ ਸੱਕਦਾ ਹੈ ਕਿਉਂ ਜੋ ਤੁਸੀਂ ਸੱਭੇ ਮਸੀਹ ਯਿਸੂ ਵਿੱਚ ਇੱਕੋ ਹੀ ਹੋ। ਅਤੇ ਜੇ ਤੁਸੀਂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਬਚਨ ਦੇ ਅਨੁਸਾਰ ਅਧਕਾਰੀ ਹੋ (ਗਲਾਤੀਆਂ 3:27-29)।

---

## ਟਿੱਪਣੀਆਂ

[1]ਜੌਨ ਟੀ. ਵਿਲੀਸ, *ਜੇਨੇਸਿਸ*, ਦ ਲਿਵਿੰਗ ਵਰਡ ਕਮੈਂਟਰੀ (ਔਸਟਿਨ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1979), 448. [2]ਕੇਨੇਥ ਏ, ਮੈਥਿਊਜ਼, *ਜੇਨੇਸਿਸ 11:27-50:26,* ਦ ਨਿਊ ਅਮੇਰੀਕਨ ਕਮੈਂਟਰੀ, ਜਿਲਦ 1B (ਨੈਸ਼ਵਿਲ: ਬਰੋਡਮੈਨ ਐਂਡ ਹੌਲਮੈ ਪਬਲਿਸ਼ਰਜ਼, 2005), 888; ਨੰ. 577. [3]ਉਸੇ ਸਥਾਨ ਤੇ। [4]ਇੱਕ ਨਬੀ ਦੇ ਲਈ ਬਾਈਬਲ ਦਾ ਵਿਚਾਰ ਉਹ ਵਿਅਕਤੀ ਹੈ ਜੋ ਦੂਸਰੇ ਦੇ ਲਈ, ਇੱਕ ਮੂੰਹ (ਹਿੱਸਾ) ਦੇ ਰੂਪ ਵਿਚ ਬੋਲਦਾ ਹੈ। ਮੂਸਾ ਪਰਮੇਸ਼ੁਰ ਦਾ ਮੂੰਹ (ਨਬੀ) ਸੀ, ਜੋ ਹਾਰੂਨ ਨੂੰ ਉਸ ਦੇ ਵਚਨ ਦੱਸਦਾ ਸੀ। ਉਸੇ ਤਰ੍ਹਾਂ, ਹਾਰੂਨ ਮੂਸਾ ਦਾ ਮੂੰਹ (ਨਬੀ) ਸੀ, ਜੋ ਉਸ ਦੇ ਵਚਨ ਲੋਕਾਂ ਨਾਲ ਬੋਲਦਾ ਸੀ (ਕੂਚ 4:10-16; 7:1, 2)। [5]"ਯਹੂਦਾਹ" ਨਾਮ "ਸਤੂਤੀ" ਦੇ ਲਈ ਇਬਰਾਨੀ ਭਾਸ਼ਾ ਦੇ ਸ਼ਬਦ ਦੇ ਨਾਲ ਸੰਬੰਧਤ ਹੈ, ਇਸ ਲਈ ਲੇਆਹ ਦੇ ਬਿਆਨ ਵਿਚ ਸ਼ਬਦਾਂ ਦਾ ਇੱਕ ਖੇਲ ਸ਼ਾਮਲ ਹੈ। [6]ਅੱਯੂਬ 16:12 ਵਿਚ ਅੱਯੂਬ ਨੇ ਇੱਕ ਪ੍ਰਤੀਕਾਤਮਕ ਤਰੀਕੇ ਦੇ ਨਾਲ *'ਰੇਪਿਨ* ਦੀ ਵਰਤੋਂ ਕੀਤੀ ਹੈ। ਉਸ ਨੇ ਸੋਚਿਆ ਕਿ ਪਰਮੇਸ਼ੁਰ ਉਸ ਦਾ ਦੁਸ਼ਮਣ ਸੀ, ਅਤੇ ਉਸ ਉੱਤੇ ਦੋਸ਼ ਲਾਇਆ ਕਿ ਉਹ ਨੇ ਉਸ ਨੂੰ ਧੌਣੋਂ ਫੜ ਲਿਆ ਤੇ ਪਟਕਾ ਪਟਕਾ ਕੇ ਉਸ ਨੂੰ "ਭੰਨ" ਸੁੱਟਿਆ। [7]ਇਕ ਦੁਸ਼ਮਣ ਤੋਂ ਭੱਜਣ ਦੇ ਸੰਦਰਭ ਵਿਚ, ਉਹੀ ਇਬਰਾਨੀ ਸ਼ਬਦ "ਧੌਣ" ਦਾ ਅਨੁਵਾਦ "ਪਿੱਠ" ਦੇ ਰੂਪ ਵਿਚ ਕੀਤਾ ਜਾ ਸਕਦਾ ਹੈ (ਕੂਚ 23:27; 2 ਸਮੂਏਲ 22:41; ਜ਼ਬੂਰਾਂ ਦੀ ਪੋਥੀ 18:40)। [5]ਦਾਊਦ ਦੀਆਂ ਜਿੱਤਾਂ ਦਾ ਵਰਣਨ 2 ਸਮੂਏਲ 8:1-15 ਵਿਚ ਦਿੱਤਾ ਗਿਆ ਹੈ। [9]ਅਧਿਆਇ 49:9 ਦੀਆਂ ਲਾਇਨਾਂ ਗਿਣਤੀ 24:9 ਦੇ ਸਮਾਂਨਤਰ ਹਨ। [10]ਇਨ੍ਹਾਂ ਚਿੰਨ੍ਹਾਂ ਨੂੰ ਧਾਰਣ ਕਰਨ ਵਾਲੇ ਰਾਜਿਆਂ ਦੀਆਂ ਤਸਵੀਰਾਂ ਦੇ ਲਈ, ਜੇਮਸ ਬੀ. ਪਰਿਚਰਡ, *ਦ ਏਨਸ਼ੈਨਟ ਨੀਅਰ ਈਸਟ ਇਨ ਪਿਕਚਰਸ ਰਿਲੇਟਿੰਗ ਟੂ ਦੀ ਓਲਡ ਟੈਸਟਾਮੈਂਟ*, ਦੂਸਰਾ ਸੰਪਾਦਨ (ਪ੍ਰਿੰਸਟਨ, ਨਿਊ ਜਰਸੀ, ਪ੍ਰਿੰਸਟਨ ਯੂਨੀਵਰਸਿਟੀ ਪ੍ਰੈੱਸ, 1969), 152 (ਨੰਬਰ 441), 153 (ਨੰਬਰ 445), 156 (ਨੰਬਰ 454), 159 (ਨੰਬਰ 463)।

[11]ਪਰ, ਜਦੋਂ ਅਬਸ਼ਾਲੋਮ ਇਫ਼ਰਾਈਮ ਦੇ ਜੰਗਲ ਵਿਚੋਂ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਉਹ ਇੱਕ ਖੱਚਰ ਉੱਤੇ ਸਵਾਰ ਸੀ। ਉਸ ਦੀ ਸੈਨਾ ਨੂੰ ਉਸ ਦੇ ਪਿਤਾ, ਦਾਊਦ ਦੇ ਦਾਸਾਂ ਦੇ ਦੁਆਰਾ ਹਰਾ ਦਿੱਤਾ ਗਿਆ ਸੀ (2 ਸਮੂਏਲ 18:6-9)। [12]ਬਰੂਸ ਕੇ. ਵਾਲਟਕੇ, *ਜੇਨੇਸਿਸ: ਏ ਕਮੈਂਟਰੀ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ ਪਬਲਿਸ਼ਰਜ਼, 2001), 609, ਨੰਬਰ 197. [13]ਵੇਖੋ ਕਹਾਉਤਾਂ 23:29-33 ਵੇਖੋ, ਜੋ ਕਹਿੰਦਾ ਹੈ ਕਿ ਬਹੁਤ ਜ਼ਿਆਦਾ ਸ਼ਰਾਬ ਪੀਣ

ਦੇ ਦੁਆਰਾ ਇੱਕ ਵਿਅਕਤੀ "ਅਣੋਖੀਆਂ ਚੀਜ਼ਾਂ ਵੇਖਦਾ" ਹੈ। [14]ਮੈਥਿਊ, 897. [15]"ਨੇੜੇ" ਇਸ ਸੰਬੰਧ ਸੂਚਕ ਦਾ ਇੱਕ ਹੋਰ ਅਰਥ ਹੈ। (ਫਰਾਂਸਿਸ ਬਰਾਊਨ, ਐਸ. ਆਰ. ਡਰਾਈਵਰ, ਅਤੇ ਚਾਰਲਸ ਏ. ਬ੍ਰਿਗਜ਼, *ਏ ਹਿਬਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦ ਓਲਡ ਟੈਸਟਾਮੈਂਟ* [ਓਕਸਫੋਰਡ: ਕਲਾਰੇਂਡੋ ਪ੍ਰੈੱਸ, 1962], 511.) [16]ਵਿਲੀਸ, 452. [17]ਗੋਰਡਨ ਜੇ. ਵੈਨਹਮ, *ਜੈਨੇਸਿਸ 16-50*, ਵਰਡ ਬਿਬਲੀਕਲ ਕਮੈਂਟਰੀ, ਜਿਲਦ 2 (ਡੱਲਾਸ: ਵਰਡ ਬੁਕਸ, 1994), 481. [18]ਉਸੇ ਸਥਾਨ ਤੇ। [19]ਡਬਲਿਯੂ. ਐਫ਼. ਐੱਲਬਰਾਈਟ, ਅਨੁਵਾਦ, "ਦੀ ਮੋਆਬਾਇਟ ਸਟੋਨ," *ਏਨਸ਼ੈਂਟ ਨੀਅਰ ਈਸਟਰਨ ਟੈਕਸਟਸ* ਵਿਚ: ਤੀਸਰਾ ਸੰਸਕਰਣ, ਸੰਪਾਦਕ ਜੇਮਸ ਬੀ. ਪਰਿਚਰਡ (ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨੀਵਰਸਿਟੀ ਪ੍ਰੈੱਸ, 1969), 320. [20]ਵਿਕਟਰ ਪੀ. ਹਮਿਲਟਨ, *ਦੀ ਬੁੱਕ ਆਫ਼ ਜੇਨੇਸਿਸ: ਚੈਪਟਰਸ 18-50*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੇਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1995), 676-77.

[21]ਮੈਥਿਊਜ਼, 903, ਨੰਬਰ 630. [22]ਅਧਿਆਇ 35:16-20 ਦੇ ਅਨੁਸਾਰ, ਜ਼ਰੂਰ ਰਾਖੇਲ, ਯਾਕੂਬ ਦੀ ਪਿਆਰੀ ਪਤਨੀ ਨੂੰ, ਮਕਫੇਲਾਹ ਦੀ ਗੁਫ਼ਾ ਵਿਚ ਨਹੀਂ ਦਫਨਾਇਆ ਗਿਆ ਸੀ ਕਿਉਂਕਿ ਉਸ ਦੀ ਮੌਤ ਤੋਂ ਬਾਅਦ ਉਸ ਨੂੰ ਬੈਤਏਲ ਅਤੇ ਬੈਤਲਹਮ ਦੇ ਵਿਚਕਾਰ ਕਿਸੇ ਸਥਾਨ ਤੇ ਦਫਨਾਇਆ ਗਿਆ ਸੀ। [23]ਜੌਨ ਡੀ. ਲਿਵੈਂਸਨ, "ਜੇਨੇਸਿਸ," *ਦ ਜੂਇਸ਼ ਸਟੱਡੀ ਬਾਈਬਲ* ਵਿਚ, ਸੋਧ ਅਡੇਲੇ ਬਰਲਿਨ ਅਤੇ ਮਾਰਕ ਜ਼ੀਵੀ ਬ੍ਰੈਟਲਰ (ਨਿਊ ਯਾਰਕ: ਓਕਸਫੋਰਡ ਯੂਨੀਵਰਸਿਟੀ ਪ੍ਰੈੱਸ, 2004), 97; ਰੋਨਾਲਡ ਯੰਗਬਲੱਡ, *ਦ NIV ਸਟੱਡੀ ਬਾਈਬਲ* ਵਿਚ, ਉਤਪਤ ਦੇ ਵਿਸ਼ੇ ਵਿਚ ਨੋਟਸ, ਸੋਧ ਕੇਨੇਥ ਬਾਰਕਰ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡੇਰਵਨ ਪਬਲਿਸ਼ਿੰਗ ਹਾਊਸ, 1985), 79. [24]"ਤਰਗੁਮ ਆਫ਼ ਓਂਕੇਲੋਸ," *ਦ ਤਰਗੁਮਸ ਆਫ਼ ਓਂਕੇਲੋਸ ਐਂਡ ਜੋਨਾਥਨ ਬੈਨ ਉੱਜ਼ੀਏਲੋਨ ਦ ਪੈਂਟਾਟਿਊਕ* ਵਿਚ, ਅਨੁਵਾਦ ਜੇ. ਡਬਲਿਯੂ. ਐਥਰਿਜ਼ (ਨਿਊ ਯਾਰਕ: KTAV ਪਬਲਿਸ਼ਿੰਗ ਹਾਊਸ, 1968), 152. [25]ਮਿਲਰ ਬੁਰੋਜ਼, *ਮੋਰ ਲਾਇਟ ਆਨ ਦ ਡੈਡ ਸੀ ਸਕਰੋਲਜ਼* (ਨਿਊ ਯਾਰਕ: ਵਿਕਿੰਗ ਪ੍ਰੈੱਸ, 1958), 401. [26]ਵਿਲੀਸ, 451. [27]ਤਕਰੀਬਨ ਮਸੀਹ ਤੋਂ 800 ਈਸਵੀ ਤਕ ਇਬਰਾਨੀ ਵਿਚ ਸਵਰ ਬਿੰਦੂ ਨਹੀਂ ਜੋੜੇ ਗਏ ਸਨ, ਯਹੂਦੀ ਵਿਦਵਾਨਾਂ ਨੇ ਮੂਲ ਰੂਪ ਵਿਚ ਇੱਛਾ ਕੀਤੇ ਸ਼ਬਦ ਨੂੰ ਪੂਰਾ ਕਰਨ ਦੇ ਲਈ ਹਮੇਸ਼ਾ ਸਹੀ ਸ਼ਬਦ ਨਹੀਂ ਪਾਇਆ ਹੋਵੇਗਾ। [28]ਯਸਾਯਾਹ 18:7 ਵਿਚ ਇੱਕ ਸਮਾਨ ਲਿਖਤ ਉਸ ਨਜ਼ਰਾਨੇ ਨੂੰ ਦਰਸਾਉਂਦੀ ਹੈ ਜੋ ਰਾਜਾ ਹਿਜ਼ਕਿਯਾਹ "ਸੈਨਾਂ ਦੇ ਯਹੋਵਾਹ" ਦੇ ਲਈ ਲਿਆਵੇਗਾ। [29]ਫਲੋਰੇਨਟੀਨੋ ਗਾਰਸੀਆ ਮਾਰਟੀਨੇਜ਼, *ਦ ਡੈੱਡ ਸੀ ਸਕਰੋਲਜ਼ ਟ੍ਰਾਂਸਲੇਟਡ: ਦ ਕੁਮਰਾਨ ਟੈਕਸਟਸ ਇਨ ਇੰਗਲਿਸ਼*, ਅਨੁਵਾਦ ਵਿਲਫਰੇਡ ਜੀ. ਈ. ਵਾਟਸਨ, ਦੂਸਰੀ ਸੋਧ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1996), 215 (ਕੁਲੁੱਸੀਆਂ 5)। [30]ਇਬਰਾਨੀ ਵਿਚ, ਸ਼ਬਦ ਦਾ ਅਰਥ "ਮਸਹ ਕੀਤਾ ਹੋਇਆ" (*ਮਸੀਹਾ*) ਹੈ। ਜਦਕਿ ਸਾਰੇ ਜਾਜਕ, ਜੋ ਹਾਰੂਨ ਦੇ ਘਰਾਣੇ ਵਿਚੋਂ ਸਨ, ਅਤੇ ਸਾਰੇ ਰਾਜੇ, ਜੋ ਦਾਊਦ ਦੀ ਅੰਸ ਵਿਚੋਂ ਸਨ, ਮਸਹ ਕੀਤੇ ਹੋਏ ਸਨ, ਇੱਕ ਅਰਥ ਵਿਚ, ਉਹ ਸਾਰੇ ਪਰਮੇਸ਼ੁਰ ਦੇ ਮਸੀਹਾ ਸਨ। ਪਰ, ਦਾਊਦ ਆਪਣੇ ਜੀਵਨ ਦੇ ਜ਼ਿਆਦਾਤਰ ਹਿੱਸੇ ਵਿਚ, ਦਾਊਦ ਪੁਰਾਣੇ ਨੇਮ ਦੇ ਇੱਕ ਮਸਹ ਕੀਤੇ ਹੋਏ (ਮਸੀਹ ਦੇ) ਆਦਰਸ਼ ਰਾਜੇ ਦੇ ਰੂਪ ਵਿਚ ਬਣਿਆ ਰਿਹਾ; ਅਤੇ ਉਹ ਇੱਕ ਪ੍ਰਕਾਰ ਦੇ ਨਾਲ ਮਸੀਹ ਵਰਗਾ ਬਣ ਗਿਆ ਸੀ। ਜਦੋਂ ਯਿਸੂ ਆਪਣੀ ਨਿਜੀ ਸੇਵਕਾਈ ਸ਼ੁਰੂ ਕਰਨ ਦੇ ਲਈ ਤਿਆਰ ਸੀ, ਤਾਂ ਉਨ੍ਹਾਂ ਨੂੰ ਬਪਤਿਸਮੇ ਦੇ ਸਮੇਂ ਪਵਿੱਤਰ ਆਤਮਾ ਦੇ ਨਾਲ ਮਸਹ ਕੀਤਾ ਗਿਆ ਸੀ (ਯੂਹੰਨਾ 1:32-34; ਰਸੂਲਾਂ ਦੇ ਕਰਤੱਬ 10:38)। ਇਹ ਉਦੋਂ ਤਕ ਨਹੀਂ ਸੀ ਜਦੋਂ ਤਕ ਉਹ ਸਵਰਗ ਵਿਚ ਨਹੀਂ ਗਿਆ ਅਤੇ ਦਾਊਦ ਦੇ ਸਿੰਘਾਸਣ ਦੇ ਉੱਤੇ ਬੈਠ ਨਹੀਂ ਗਿਆ ਕਿ ਅਧਿਕਾਰ ਦੇ ਨਲ ਆਪਣੇ ਰਾਜ ਨੂੰ ਪ੍ਰਭੂ ਅਤੇ "ਮਸੀਹ" ਦੇ ਰੂਪ ਵਿਚ ਸ਼ੁਰੂ ਕਰੇ (ὁ χριστός, *ਹੋ ਕ੍ਰਿਸਟੋਸ*, "ਮਸੀਹਾ," ਜਾਂ "ਮਸਹ ਕੀਤਾ ਹੋਇਆ") (ਰਸੂਲਾਂ ਦੇ ਕਰਤੱਬ 2:29-36)। ਯਿਸੂ ਦਾਊਦ ਦਾ ਮਹਾਨ ਮਸੀਹਾ ਹੈ, ਅਤੇ ਹੁਣ (ਯੂਹੰਨਾ 18:36, 37; ਕੁਲੁੱਸੀਆਂ 1:12-14; ਇਬਰਾਨੀਆਂ 12:22-24, 28, 29) ਮਹਾਨ "ਬਬਰ ਸ਼ੇਰ ਜਿਹੜਾ, ਯਹੂਦਾਹ ਦੇ ਗੋਤ ਵਿੱਚੋਂ ਹੈ, ਦਾਊਦ ਦੀ ਜੜ੍ਹ" ਦੇ ਰੂਪ ਵਿਚ ਉਹ ਅਨੰਤ ਆਤਮਿਕ ਰਾਜ ਉੱਤੇ ਰਾਜ ਕਰਦਾ ਹੈ (ਪਰਕਾਸ਼ 5:5)।

[31]ਜਦੋਂ ਸ਼ਬਦ "ਅਬਨਾਸ" ਜਾਂ "ਹਮੇਸ਼ਾ ਦੇ ਲਈ" (עוֹלָם, *ਓਲਾਮ)* ਪਰਮੇਸ਼ੁਰ ਜਾਂ ਉਸ ਦੇ ਗੁਣਾਂ ਨੂੰ ਦਰਸਾਉਂਦਾ ਹੈ ਤਾਂ ਇਸ ਦਾ ਅਰਥ ਸਿਰਫ "ਅਨੰਤ" ਜਾਂ "ਸਦਾ ਕਾਲ ਦੇ ਲਈ" ਹੁੰਦਾ ਹੈ। ਇਸ ਸ਼ਬਦ ਦਾ ਮੂਲ ਅਰਥ "ਪੂਰੀ ਉਮਰ" ਹੈ, ਜੋ ਪ੍ਰਸੰਗ ਦੇ ਆਧਾਰ ਤੇ, ਛੋਟੀ ਜਾਂ ਲੰਬੀ ਹੋ ਸਕਦੀ ਹੈ (ਵੇਖੋ 1 ਸਮੂਏਲ 1:11, 22-24, 28; ਯੂਹੰਨਾ 1:17; 2:6)। [32]ਟੈਸੀਟਸ *ਐਗਰੀਕੋਲਾ* 30. [33]ਬੇਟੀਆਂ ਦੇ ਵਿਰਸੇ ਦੇ ਲਈ ਮੂਸਾ ਦੀ ਸ਼ਰਾ ਤੋਂ ਬਾਹਰ ਨਿਯਮ ਉਸ ਹਾਲਤ ਵਿਚ ਬਣਾਏ ਗਏ ਸਨ, ਜਦੋਂ ਉਨ੍ਹਾਂ ਦਾ ਕੋਈ ਭਰਾ ਨਾ ਹੋਵੇ (ਗਿਣਤੀ 27:1-11)। [34]ਇਬਰਾਨੀ ਸੱਚਮੁੱਚ ਕਹਿੰਦਾ ਹੈ, "ਇੱਕ ਬਰਕਤ ਬਣੋ।" [35]"ਸ਼ਾਲੇਮ" ਉਸ ਸ਼ਹਿਰ ਦਾ ਮੁੱਢਲਾ ਨਾਮ ਸੀ ਜਿਸ ਨੂੰ ਬਾਅਦ ਵਿਚ "ਯਰੂਸ਼ਲਮ" ਦਾ ਨਾਮ ਦਿੱਤਾ ਗਿਆ ਸੀ (ਜ਼ਬੂਰ 76:2)। [36]ਨੌਸਟਿਕਵਾਦ ਇੱਕ ਸ਼ੁਰੂਆਤੀ ਵਿਰੋਧੀ ਪੰਥ ਸੀ ਜਿਸ ਨੇ ਪਹਿਲੀ ਸਦੀ ਦੇ ਪਹਿਲੇ ਅੱਧ ਵਿਚ ਕੁੱਝ ਕਲੀਸੀਆਵਾਂ ਨੂੰ ਪਰੇਸ਼ਾਨ ਕੀਤਾ ਸੀ। ਕੁੱਝ ਨੌਸਟਿਕਵਾਦੀਆਂ ਨੇ ਯਿਸੂ ਦੀ ਅਸਲੀ ਮਨੁੱਖਤਾ ਨੂੰ ਨਕਾਰ ਦਿੱਤਾ ਸੀ, ਜਦਕਿ ਹੋਰਨਾਂ ਨੇ ਉਸ ਦੇ ਪਰਮੇਸ਼ੁਰ ਹੋਣ ਦਾ ਇਨਕਾਰ ਕੀਤਾ ਸੀ।